



ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition




Reg No: AAG1353 | Ludhiana, Monday 18 May, 2026 | website: www.cee7news.com

## Cee7news ਪੰਜਾਬ ਦੀ ਪੰਥਕ ਸਿਆਸਤ ਵਿੱਚ ਵੱਡਾ ਫੇਰਬਦਲ: ਅਕਾਲੀ ਦਲ (ਵਾਰਿਸ ਪੰਜਾਬ ਦੇ) ਅਤੇ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦਾ ਗਠਜੋੜ ਟੁੱਟਿਆ

# ਪੰਜਾਬ ਦੀ ਸਿਆਸਤ, ਵਿਸ਼ੇਸ਼ ਤੌਰ 'ਤੇ ਪੰਥਕ ਰਾਜਨੀਤੀ ਵਿੱਚ ਇੱਕ ਬਹੁਤ ਹੀ ਮਹੱਤਵਪੂਰਨ ਅਤੇ ਵੱਡੀ ਹਲਚਲ ਦੇਖਣ ਨੂੰ ਮਿਲੀ ਹੈ।

ਪੰਜਾਬ ਦੀ ਸਿਆਸਤ, ਵਿਸ਼ੇਸ਼ ਤੌਰ 'ਤੇ ਪੰਥਕ ਰਾਜਨੀਤੀ ਵਿੱਚ ਇੱਕ ਬਹੁਤ ਹੀ ਮਹੱਤਵਪੂਰਨ ਅਤੇ ਵੱਡੀ ਹਲਚਲ ਦੇਖਣ ਨੂੰ ਮਿਲੀ ਹੈ। ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਵਿਰੋਧ ਵਿੱਚ ਖੜ੍ਹੇ ਹੋਏ ਅਤੇ ਪੰਥਕ ਏਕਤਾ ਦਾ ਦਾਅਵਾ ਕਰਨ ਵਾਲੇ ਦੋ ਪ੍ਰਮੁੱਖ ਧੜਿਆਂ —'ਅਕਾਲੀ ਦਲ (ਵਾਰਿਸ ਪੰਜਾਬ ਦੇ)' ਅਤੇ 'ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ)'— ਵਿਚਕਾਰ ਬਣੀ ਸਿਆਸੀ ਭਾਈਵਾਲੀ ਮਹਿਜ਼ ਕੁਝ ਮਹੀਨਿਆਂ ਵਿੱਚ ਹੀ ਪੂਰੀ ਤਰ੍ਹਾਂ ਖ਼ਤਮ ਹੋ ਗਈ ਹੈ। ਅੰਮ੍ਰਿਤਸਰ ਵਿਖੇ ਹੋਈ ਇੱਕ ਅਹਿਮ ਬੈਠਕ ਦੌਰਾਨ ਦੋਵਾਂ ਧਿਰਾਂ ਨੇ ਆਪਣੇ ਸਿਆਸੀ ਸਬੰਧਾਂ ਨੂੰ ਰਸਮੀ ਤੌਰ 'ਤੇ ਖ਼ਤਮ ਕਰਨ ਦਾ ਐਲਾਨ ਕਰ ਦਿੱਤਾ। ਇਸ ਫੈਸਲੇ ਨੇ ਨਾ ਸਿਰਫ਼ ਬਾਦਲ ਦਲ ਦੇ ਖਿਲਾਫ ਬਣ ਰਹੇ ਸਾਂਝੇ ਮੋਰਚੇ ਦੀ ਰਣਨੀਤੀ 'ਤੇ ਸਵਾਲੀਆ ਨਿਸ਼ਾਨ ਲਗਾ ਦਿੱਤੇ ਹਨ, ਸਗੋਂ ਪੰਜਾਬ ਦੀ ਖੇਤਰੀ ਰਾਜਨੀਤੀ ਵਿੱਚ ਇੱਕ ਨਵੀਂ ਬਹਿਸ ਵੀ ਛੇੜ ਦਿੱਤੀ ਹੈ।ਗਠਜੋੜ ਦੀ ਪਿਛੋਕੜ ਅਤੇ ਤਾਲਮੇਲ ਕਮੇਟੀ:

ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਸਿਆਸੀ ਮੈਦਾਨ ਵਿੱਚ ਕਰਾਰੀ ਚੁਣੌਤੀ ਦੇਣ ਅਤੇ ਬਦਲਵੇਂ ਪੰਥਕ ਮੁਹਾਜ਼ ਨੂੰ ਮਜ਼ਬੂਤ ਕਰਨ ਲਈ ਇਨ੍ਹਾਂ ਦੋਵਾਂ ਧਿਰਾਂ ਨੇ ਆਪਸੀ ਏਕਤਾ ਦਾ ਹੱਥ ਵਧਾਇਆ ਸੀ। ਇਸ ਏਕਤਾ ਨੂੰ ਅਮਲੀ ਰੂਪ ਦੇਣ ਅਤੇ ਆਪਸੀ ਤਾਲਮੇਲ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਬੀਤੀ 18 ਅਪਰੈਲ ਨੂੰ ਇੱਕ 'ਅੱਠ ਮੈਂਬਰੀ ਪੰਥਕ ਏਕਤਾ ਤਾਲਮੇਲ ਕਮੇਟੀ' ਦਾ ਗਠਨ ਕੀਤਾ ਗਿਆ ਸੀ। ਇਸ ਕਮੇਟੀ ਦਾ ਮੁੱਖ ਮਕਸਦ ਦੋਵਾਂ ਪਾਰਟੀਆਂ ਦੀਆਂ ਨੀਤੀਆਂ ਅਤੇ ਭਵਿੱਖੀ ਪ੍ਰੋਗਰਾਮਾਂ ਵਿੱਚ ਇਕਸਾਰਤਾ ਲਿਆਉਣਾ ਸੀ। ਹਾਲਾਂਕਿ, ਕਈ ਦੌਰ ਦੀਆਂ ਲੰਬੀਆਂ ਮੀਟਿੰਗਾਂ ਅਤੇ ਗੰਭੀਰ ਵਿਚਾਰ-ਵਟਾਂਦਰੇ ਦੇ ਬਾਵਜੂਦ, ਦੋਵੇਂ ਧਿਰਾਂ ਕਿਸੇ ਠੋਸ ਨਤੀਜੇ 'ਤੇ ਪਹੁੰਚਣ ਵਿੱਚ ਅਸਫਲ ਰਹੀਆਂ। ਆਖ਼ਰਕਾਰ 'ਅਕਾਲੀ ਦਲ-ਵਾਰਿਸ ਪੰਜਾਬ ਦੇ' ਦੀ ਚਾਰ ਮੈਂਬਰੀ ਕਮੇਟੀ, ਜਿਸ ਵਿੱਚ ਬਾਬੂ ਸਿੰਘ ਬਰਾੜ, ਪਰਮਜੀਤ ਸਿੰਘ ਜੌਹਲ, ਪਰਗਟ ਸਿੰਘ ਰਈਆ ਅਤੇ ਰਛਪਾਲ ਸਿੰਘ ਸੋਸਣ ਸ਼ਾਮਲ ਸਨ, ਨੇ ਸਾਂਝਾ ਬਿਆਨ ਜਾਰੀ ਕਰਕੇ ਇਸ ਗਠਜੋੜ ਦੇ ਖ਼ਤਮ ਹੋਣ ਦੀ ਪੁਸ਼ਟੀ ਕੀਤੀ।ਵਿਚਾਰਧਾਰਕ ਮਤਭੇਦ ਅਤੇ ਅਕਾਲ ਤਖ਼ਤ ਦੇ ਆਦੇਸ਼ਾਂ ਦੀ ਉਲੰਘਣਾ:ਗਠਜੋੜ ਦੇ ਟੁੱਟਣ ਦਾ ਮੁੱਖ ਕਾਰਨ ਦੋਵਾਂ ਪਾਰਟੀਆਂ ਵਿਚਕਾਰ ਪੈਦਾ ਹੋਏ ਡੂੰਘੇ ਬੁਨਿਆਦੀ ਅਤੇ ਵਿਚਾਰਧਾਰਕ ਮਤਭੇਦ ਦੱਸੇ ਜਾ ਰਹੇ ਹਨ। ਤਾਲਮੇਲ ਕਮੇਟੀ ਦੇ ਮੈਂਬਰ ਰਛਪਾਲ ਸਿੰਘ ਸੋਸਣ ਨੇ ਸਥਿਤੀ ਸਪਸ਼ਟ ਕਰਦਿਆਂ ਕਿਹਾ ਕਿ ਤਾਲਮੇਲ ਕਮੇਟੀ ਦੇ ਗਠਨ ਤੋਂ ਪਹਿਲਾਂ, ਸਰਵਉੱਚ ਸਿੱਖ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ 2 ਦਸੰਬਰ ਨੂੰ ਜਾਰੀ ਕੀਤੇ ਗਏ ਆਦੇਸ਼ਾਂ ਦੇ ਤਹਿਤ ਇੱਕ ਆਪਸੀ ਸਹਿਮਤੀ ਬਣੀ ਸੀ।



ਇਸ ਸਮਝੌਤੇ ਦੇ ਮੁਤਾਬਕ ਇਹ ਤੈਅ ਹੋਇਆ ਸੀ ਕਿ ਜਿਨ੍ਹਾਂ ਸਿਆਸੀ ਆਗੂਆਂ ਨੇ ਪੰਥ ਦੀ ਅਗਵਾਈ ਕਰਨ ਦਾ ਨੈਤਿਕ ਆਧਾਰ ਜਾਂ ਹੱਕ ਗੁਆ ਦਿੱਤਾ ਹੈ, ਉਨ੍ਹਾਂ ਨੂੰ ਕਿਸੇ ਵੀ ਕੀਮਤ 'ਤੇ ਲੀਡਰਸ਼ਿਪ ਦੇ ਅਹੁਦਿਆਂ ਤੋਂ ਦੂਰ ਰੱਖਿਆ ਜਾਵੇਗਾ।ਪਰ 'ਅਕਾਲੀ ਦਲ (ਵਾਰਿਸ ਪੰਜਾਬ ਦੇ)' ਦੇ ਆਗੂਆਂ ਨੇ ਦੋਸ਼ ਲਗਾਇਆ ਕਿ 'ਪੁਨਰ ਸੁਰਜੀਤ' ਧੜੇ ਨੇ ਇਸ ਸਿਧਾਂਤ ਦੀ ਸ਼ਰੇਆਮ ਉਲੰਘਣਾ ਕੀਤੀ। ਉਨ੍ਹਾਂ ਨੇ ਨਾ ਸਿਰਫ਼ ਅਜਿਹੇ ਵਿਵਾਦਤ ਆਗੂਆਂ ਨੂੰ ਪਾਰਟੀ ਵਿੱਚ ਵੱਕਾਰੀ ਅਹੁਦੇ ਦਿੱਤੇ, ਸਗੋਂ ਜਥੇਬੰਦੀ ਦੀ ਕਮਾਨ ਵੀ ਉਨ੍ਹਾਂ ਦੇ ਹੱਥਾਂ ਵਿੱਚ ਸੌਂਪ ਦਿੱਤੀ। ਵਾਰਿਸ ਪੰਜਾਬ ਦੇ ਆਗੂਆਂ ਅਨੁਸਾਰ, ਇਹ ਕਦਮ ਪੰਥਕ ਏਕਤਾ ਦੀ ਮੂਲ ਭਾਵਨਾ ਅਤੇ ਸਿੱਖ ਕੌਮ ਦੀਆਂ ਉਮੀਦਾਂ ਦੇ ਬਿਲਕੁਲ ਉਲਟ ਸੀ, ਜਿਸ ਕਾਰਨ ਆਪਸੀ ਵਿਸ਼ਵਾਸ ਨੂੰ ਵੱਡੀ ਸੱਟ ਵੱਜੀ।ਗੈਰ-ਜ਼ਿੰਮੇਵਾਰਾਨਾ ਬਿਆਨਬਾਜ਼ੀ ਦੇ ਦੋਸ਼:ਵਿਚਾਰਧਾਰਕ ਮਤਭੇਦਾਂ ਤੋਂ ਇਲਾਵਾ, ਤਾਲਮੇਲ ਕਮੇਟੀ ਦੇ ਮੈਂਬਰਾਂ ਨੇ 'ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ' ਦੀ ਸੀਨੀਅਰ ਲੀਡਰਸ਼ਿਪ 'ਤੇ ਲਗਾਤਾਰ ਗੈਰ-ਜ਼ਿੰਮੇਵਾਰਾਨਾ ਅਤੇ ਅਪ੍ਰਿਪੱਕ ਬਿਆਨਬਾਜ਼ੀ ਕਰਨ ਦੇ ਗੰਭੀਰ ਦੋਸ਼ ਵੀ ਮੜ੍ਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਪੁਨਰ ਸੁਰਜੀਤ ਧੜੇ ਦੇ ਆਗੂਆਂ ਵੱਲੋਂ ਸਮੇਂ-ਸਮੇਂ 'ਤੇ ਦਿੱਤੇ ਗਏ ਜਨਤਕ ਬਿਆਨਾਂ ਨੇ ਪ੍ਰਸਤਾਵਿਤ ਗਠਜੋੜ ਦੀ ਬੁਨਿਆਦ ਨੂੰ ਕਮਜ਼ੋਰ ਕਰਨ ਦਾ ਕੰਮ ਕੀਤਾ। ਅਜਿਹੇ ਮਾਹੌਲ ਵਿੱਚ ਇੱਕਜੁੱਟ ਹੋ ਕੇ ਚੱਲਣਾ ਅਸੰਭਵ ਹੋ ਗਿਆ ਸੀ। 'ਅਕਾਲੀ ਦਲ-ਵਾਰਿਸ ਪੰਜਾਬ ਦੇ' ਦੀ ਸੀਨੀਅਰ ਲੀਡਰਸ਼ਿਪ ਨਾਲ ਲੰਬੀ ਸਲਾਹ-ਮਸ਼ਵਰੇ ਦੀ ਪ੍ਰਕਿਰਿਆ ਤੋਂ ਬਾਅਦ ਹੀ ਇਸ ਤਾਲਮੇਲ ਅਤੇ ਗਠਜੋੜ ਦੀ ਪ੍ਰਕਿਰਿਆ ਨੂੰ ਹਮੇਸ਼ਾ ਲਈ ਬੰਦ ਕਰਨ ਦਾ ਸਖ਼ਤ ਫੈਸਲਾ ਲਿਆ ਗਿਆ।

## ਮਰੀਜ਼ਾਂ ਨੂੰ ਸਸਤੀ ਅਤੇ ਸਮੇਂ ਸਿਰ ਸਿਹਤ ਸੇਵਾਵਾਂ ਮੁਹੱਈਆ ਕਰਵਾ ਕੇ ਵੱਡੀ ਰਾਹਤ



ਜਦੋਂ ਸੰਸਾਰ ਵਿਸ਼ਵ ਹਾਈਪਰਟੈਂਸ਼ਨ ਦਿਵਸ ਮਨਾ ਰਿਹਾ ਹੈ, ਉਸ ਵੇਲੇ ਪੰਜਾਬ ਸਰਕਾਰ ਦੀ ਮੁੱਖ ਮੰਤਰੀ ਸਿਹਤ ਯੋਜਨਾ ਹਾਈਪਰਟੈਂਸ਼ਨ ਅਤੇ ਇਸ ਨਾਲ ਜੁੜੀਆਂ ਬੀਮਾਰੀਆਂ ਨਾਲ ਜੂਝ ਰਹੇ ਮਰੀਜ਼ਾਂ ਨੂੰ ਸਸਤੀ ਅਤੇ ਸਮੇਂ ਸਿਰ ਸਿਹਤ ਸੇਵਾਵਾਂ ਮੁਹੱਈਆ ਕਰਵਾ ਕੇ ਵੱਡੀ ਰਾਹਤ ਦੇ ਰਹੀ ਹੈ। ਹਾਈਪਰਟੈਂਸ਼ਨ, ਜਿਸਨੂੰ ਆਮ ਤੌਰ 'ਤੇ ਹਾਈ ਬਲੱਡ ਪ੍ਰੈਸ਼ਰ ਕਿਹਾ ਜਾਂਦਾ ਹੈ, ਨੂੰ ਡਾਕਟਰ ਅਕਸਰ 'ਸਾਇਲੈਂਟ ਕਿਲਰ' ਕਹਿੰਦੇ ਹਨ। ਇਹ ਬਿਨਾਂ ਕਿਸੇ ਸਪੱਸ਼ਟ ਚੇਤਾਵਨੀ ਦੇ ਸਟ੍ਰੋਕ, ਹਾਰਟ ਫੇਲਿਅਰ ਜਾਂ ਕਿਡਨੀ ਰੋਗ ਵਰਗੀਆਂ ਗੰਭੀਰ ਸੱਮਿਆਵਾਂ ਦਾ ਕਾਰਨ ਬਣ ਸਕਦਾ ਹੈ। ਇਹ ਬੀਮਾਰੀ ਲਗਭਗ ਹਰ ਉਮਰ ਵਰਗ ਵਿੱਚ ਦੇਖੀ ਜਾ ਰਹੀ ਹੈ।ਸਭ ਉਮਰ ਵਰਗਾਂ ਵਿੱਚ ਵਧ ਰਹੇ ਹਾਈਪਰਟੈਂਸ਼ਨ ਦੇ ਮਾਮਲਿਆਂ ਨੂੰ ਧਿਆਨ ਵਿੱਚ ਰੱਖਦਿਆਂ ਪੰਜਾਬ ਸਰਕਾਰ ਰੋਕਥਾਮ, ਜਲਦੀ ਪਛਾਣ ਅਤੇ ਇਲਾਜ 'ਤੇ ਖਾਸ ਧਿਆਨ ਦੇ ਰਹੀ ਹੈ। ਜਿੱਥੇ ਸੀ.ਐੱਮ. ਦੀ ਯੋਗਸ਼ਾਲਾ ਸਿਹਤਮੰਦ ਜੀਵਨਸ਼ੈਲੀ ਨੂੰ ਉਤਸ਼ਾਹਿਤ ਕਰ ਰਹੀ ਹੈ, ਉੱਥੇ ਆਮ ਆਦਮੀ ਕਲੀਨਿਕ ਜਲਦੀ ਸਕ੍ਰੀਨਿੰਗ ਯਕੀਨੀ ਬਣਾ ਰਹੇ ਹਨ (1 ਕਰੋੜ ਲੋਕਾਂ ਦੀ ਜਾਂਚ, 24 ਲੱਖ ਇਲਾਜ ਅਧੀਨ), ਅਤੇ ਮੁੱਖ ਮੰਤਰੀ ਸਿਹਤ ਯੋਜਨਾ ਕੈਸ਼ਲੈੱਸ ਇਲਾਜ ਪ੍ਰਦਾਨ ਕਰਕੇ ਸਟ੍ਰੋਕ ਅਤੇ ਦਿਲ ਦੀਆਂ ਬੀਮਾਰੀਆਂ ਵਰਗੀਆਂ ਗੰਭੀਰ ਜਟਿਲਤਾਵਾਂ ਤੋਂ ਬਚਾਅ ਵਿੱਚ ਮਦਦ ਕਰ ਰਹੀ ਹੈ। ਵਿਸ਼ਵ ਸਿਹਤ ਸੰਗਠਨ (WHO) ਅਨੁਸਾਰ ਭਾਰਤ ਵਿੱਚ ਉੱਚ ਰਕਤਚਾਪ ਦਾ ਬੋਝ ਤੇਜ਼ੀ ਨਾਲ ਵਧ ਰਿਹਾ ਹੈ, ਜਿਸਦੇ ਮੁੱਖ ਕਾਰਨ ਗਲਤ ਖ਼ੁਰਾਕ, ਤਣਾਅ, ਤੰਬਾਕੂ ਦਾ ਸੇਵਨ, ਸਰੀਰਕ ਗਤੀਵਿਧੀ ਦੀ ਕਮੀ ਅਤੇ ਅਨਿਯਮਿਤ ਜੀਵਨਸ਼ੈਲੀ ਹਨ।

## ਬਿਨਾ ਗਰੰਟੀ 10 ਕਰੋੜ ਰੁਪਏ ਤੱਕ ਦਾ ਕਰਜ਼ਾ



ਦਿੱਲੀ ਸਰਕਾਰ ਰਾਸ਼ਟਰੀ ਰਾਜਧਾਨੀ ਵਿੱਚ ਔਰਤਾਂ ਦੀ ਅਗਵਾਈ ਵਾਲੇ ਸਟਾਰਟਅੱਪਸ ਅਤੇ ਸਵੈ-ਸਹਾਇਤਾ ਸਮੂਹਾਂ ਨੂੰ 10 ਕਰੋੜ ਰੁਪਏ ਤੱਕ ਦੇ ਬਿਨਾ ਗਰੰਟੀ ਕਰਜ਼ੇ ਪ੍ਰਦਾਨ ਕਰੇਗੀ । ਮੁੱਖ ਮੰਤਰੀ ਰੇਖਾ ਗੁਪਤਾ ਨੇ ਐਤਵਾਰ ਨੂੰ ਇਸ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਔਰਤਾਂ ਵੱਲੋਂ ਬਣਾਏ ਗਏ ਸਵਦੇਸ਼ੀ ਉਤਪਾਦਾਂ ਨੂੰ ਵਿਆਪਕ ਬਾਜ਼ਾਰ ਵਿੱਚ ਉਤਸ਼ਾਹਿਤ ਕਰਨ ਲਈ ਸ਼ਹਿਰ ਦੇ ਮਾਲਾਂ ਅਤੇ ਪ੍ਰਮੁੱਖ ਸ਼ਾਪਿੰਗ ਕੰਪਲੈਕਸਾਂ ਵਿੱਚ ਵਿਸ਼ੇਸ਼ ਪਲੇਟਫਾਰਮ ਵੀ ਪ੍ਰਦਾਨ ਕੀਤੇ ਜਾਣਗੇ।ਮੁੱਖ ਮੰਤਰੀ ਰੇਖਾ ਗੁਪਤਾ ਨੇ ਇੱਕ ਬਿਆਨ ਵਿੱਚ ਕਿਹਾ ਕਿ ਰਾਜਧਾਨੀ ਦੀਆਂ ਔਰਤਾਂ ਨੂੰ ਸਵੈ-ਨਿਰਭਰ, ਉੱਦਮੀ ਅਤੇ ਆਰਥਿਕ ਤੌਰ 'ਤੇ ਸਸ਼ਕਤ ਬਣਾਉਣ ਲਈ ਵਿਆਪਕ ਕੰਮ ਕੀਤਾ ਜਾ ਰਿਹਾ ਹੈ । ਮਹਿਲਾ ਸਵੈ-ਸਹਾਇਤਾ ਸਮੂਹਾਂ ਅਤੇ ਸਟਾਰਟਅੱਪਸ ਲਈ 10 ਕਰੋੜ ਤੱਕ ਦੇ ਬਿਨਾ ਗਰੰਟੀ ਕਰਜ਼ੇ ਦਾ ਪ੍ਰਬੰਧ ਕੀਤਾ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਦਿੱਲੀ ਸਰਕਾਰ ਅਜਿਹੇ ਕਰਜ਼ਿਆਂ ਦੀ ਗਰੰਟੀ ਪ੍ਰਦਾਨ ਕਰੇਗੀ।ਸ਼ਨੀਵਾਰ ਨੂੰ ਰੋਹਿਣੀ ਵਿੱਚ ਆਯੋਜਿਤ ਦੋ-ਰੋਜ਼ਾ "ਮੈਗਾ ਸੈਲਫ ਹੈਲਪ ਗਰੁੱਪ ਮੇਲਾ-2026" ਦੇ ਉਦਘਾਟਨ ਸਮਾਰੋਹ ਨੂੰ ਸੰਬੋਧਨ ਕਰਦੇ ਹੋਏ, ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ "ਵੋਕਲ ਫਾਰ ਲੋਕਲ," "ਆਤਮਨਿਰਭਰ ਭਾਰਤ," ਅਤੇ "ਇੱਕ ਜ਼ਿਲ੍ਹਾ, ਇੱਕ ਉਤਪਾਦ" ਦੇ ਸੰਕਲਪਾਂ ਨੂੰ ਲਗਾਤਾਰ ਉਤਸ਼ਾਹਿਤ ਕਰ ਰਹੇ ਹਨ। ਗੁਪਤਾ ਨੇ ਕਿਹਾ ਕਿ ਸੈਲਫ ਹੈਲਪ ਮੇਲਾ ਔਰਤਾਂ ਵੱਲੋਂ ਬਣਾਏ ਗਏ ਸਵਦੇਸ਼ੀ ਉਤਪਾਦਾਂ ਨੂੰ ਉਤਸ਼ਾਹਿਤ ਕਰਨ ਅਤੇ ਉਨ੍ਹਾਂ ਨੂੰ ਵਿਸ਼ਾਲ ਬਾਜ਼ਾਰ ਨਾਲ ਜੋੜਨ ਦਾ ਇੱਕ ਯਤਨ ਹੈ। ਮੇਲੇ ਵਿੱਚ ਲਗਭਗ 24 ਸੈਲਫ ਹੈਲਪ ਗਰੁੱਪਾਂ ਨੇ ਹਿੱਸਾ ਲਿਆ। ਮੇਲੇ ਵਿੱਚ ਦਸਤਕਾਰੀ, ਕਰੋਸ਼ੀਆ ਵਰਕ, ਖਾਦੀ, ਘਰੇਲੂ ਉਤਪਾਦ, ਖਾਣ-ਪੀਣ ਦੀਆਂ ਵਸਤੂਆਂ ਅਤੇ ਹੋਰ ਹੱਥ ਨਾਲ ਬਣੀਆਂ ਚੀਜ਼ਾਂ ਪ੍ਰਦਰਸ਼ਿਤ ਅਤੇ ਵੇਚੀਆਂ ਗਈਆਂ ਸਨ।ਦਿੱਲੀ ਸਰਕਾਰ ਰਾਸ਼ਟਰੀ ਰਾਜਧਾਨੀ ਵਿੱਚ ਔਰਤਾਂ ਦੀ ਅਗਵਾਈ ਵਾਲੇ ਸਟਾਰਟਅੱਪਸ ਅਤੇ ਸਵੈ-ਸਹਾਇਤਾ ਸਮੂਹਾਂ ਨੂੰ 10 ਕਰੋੜ ਰੁਪਏ ਤੱਕ ਦੇ ਬਿਨਾ ਗਰੰਟੀ ਕਰਜ਼ੇ ਪ੍ਰਦਾਨ ਕਰੇਗੀ । ਮੁੱਖ ਮੰਤਰੀ ਰੇਖਾ ਗੁਪਤਾ ਨੇ ਐਤਵਾਰ ਨੂੰ ਇਸ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਔਰਤਾਂ ਵੱਲੋਂ ਬਣਾਏ ਗਏ ਸਵਦੇਸ਼ੀ ਉਤਪਾਦਾਂ ਨੂੰ ਵਿਆਪਕ ਬਾਜ਼ਾਰ ਵਿੱਚ ਉਤਸ਼ਾਹਿਤ ਕਰਨ ਲਈ ਸ਼ਹਿਰ ਦੇ ਮਾਲਾਂ ਅਤੇ ਪ੍ਰਮੁੱਖ ਸ਼ਾਪਿੰਗ ਕੰਪਲੈਕਸਾਂ ਵਿੱਚ ਵਿਸ਼ੇਸ਼ ਪਲੇਟਫਾਰਮ ਵੀ ਪ੍ਰਦਾਨ ਕੀਤੇ ਜਾਣਗੇ।ਮੁੱਖ ਮੰਤਰੀ ਰੇਖਾ ਗੁਪਤਾ ਨੇ ਇੱਕ ਬਿਆਨ ਵਿੱਚ ਕਿਹਾ ਕਿ ਰਾਜਧਾਨੀ ਦੀਆਂ ਔਰਤਾਂ ਨੂੰ ਸਵੈ-ਨਿਰਭਰ, ਉੱਦਮੀ ਅਤੇ ਆਰਥਿਕ ਤੌਰ 'ਤੇ ਸਸ਼ਕਤ ਬਣਾਉਣ ਲਈ ਵਿਆਪਕ ਕੰਮ ਕੀਤਾ ਜਾ ਰਿਹਾ ਹੈ । ਮਹਿਲਾ ਸਵੈ-ਸਹਾਇਤਾ ਸਮੂਹਾਂ ਅਤੇ ਸਟਾਰਟਅੱਪਸ ਲਈ 10 ਕਰੋੜ ਤੱਕ ਦੇ ਬਿਨਾ ਗਰੰਟੀ ਕਰਜ਼ੇ ਦਾ ਪ੍ਰਬੰਧ ਕੀਤਾ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਦਿੱਲੀ ਸਰਕਾਰ ਅਜਿਹੇ ਕਰਜ਼ਿਆਂ ਦੀ ਗਰੰਟੀ ਪ੍ਰਦਾਨ ਕਰੇਗੀ।ਸ਼ਨੀਵਾਰ ਨੂੰ ਰੋਹਿਣੀ ਵਿੱਚ ਆਯੋਜਿਤ ਦੋ-ਰੋਜ਼ਾ "ਮੈਗਾ ਸੈਲਫ ਹੈਲਪ ਗਰੁੱਪ ਮੇਲਾ-2026" ਦੇ ਉਦਘਾਟਨ ਸਮਾਰੋਹ ਨੂੰ ਸੰਬੋਧਨ ਕਰਦੇ ਹੋਏ, ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ "ਵੋਕਲ ਫਾਰ ਲੋਕਲ," "ਆਤਮਨਿਰਭਰ ਭਾਰਤ," ਅਤੇ "ਇੱਕ ਜ਼ਿਲ੍ਹਾ, ਇੱਕ ਉਤਪਾਦ" ਦੇ ਸੰਕਲਪਾਂ ਨੂੰ ਲਗਾਤਾਰ ਉਤਸ਼ਾਹਿਤ ਕਰ ਰਹੇ ਹਨ। ਗੁਪਤਾ ਨੇ ਕਿਹਾ ਕਿ ਸੈਲਫ ਹੈਲਪ ਮੇਲਾ ਔਰਤਾਂ ਵੱਲੋਂ ਬਣਾਏ ਗਏ ਸਵਦੇਸ਼ੀ ਉਤਪਾਦਾਂ ਨੂੰ ਉਤਸ਼ਾਹਿਤ ਕਰਨ ਅਤੇ ਉਨ੍ਹਾਂ ਨੂੰ ਵਿਸ਼ਾਲ ਬਾਜ਼ਾਰ ਨਾਲ ਜੋੜਨ ਦਾ ਇੱਕ ਯਤਨ ਹੈ। ਮੇਲੇ ਵਿੱਚ ਲਗਭਗ 24 ਸੈਲਫ ਹੈਲਪ ਗਰੁੱਪਾਂ ਨੇ ਹਿੱਸਾ ਲਿਆ। ਮੇਲੇ ਵਿੱਚ ਦਸਤਕਾਰੀ, ਕਰੋਸ਼ੀਆ ਵਰਕ, ਖਾਦੀ, ਘਰੇਲੂ ਉਤਪਾਦ, ਖਾਣ-ਪੀਣ ਦੀਆਂ ਵਸਤੂਆਂ ਅਤੇ ਹੋਰ ਹੱਥ ਨਾਲ ਬਣੀਆਂ ਚੀਜ਼ਾਂ ਪ੍ਰਦਰਸ਼ਿਤ ਅਤੇ ਵੇਚੀਆਂ ਗਈਆਂ ਸਨ।



# ਮਜ਼ਬੂਤ ਬੰਨ੍ਹ ਬਣਾਉਣ ਲਈ ਅੱਗੇ ਆਈ ਸਮਾਜ ਸੇਵੀ ਸੰਸਥਾ

ਸੰਯੁਕਤ ਰਾਸ਼ਟਰ (UN) ਨਾਲ ਸੰਬੰਧਿਤ ਸਮਾਜ ਸੇਵੀ ਸੰਸਥਾ ਯੂਨਾਈਟਡ ਸਿੱਖਸ ਵੱਲੋਂ ਸਤਲੁਜ ਦਰਿਆ ਵਿੱਚ ਆਉਣ ਵਾਲੀਆਂ ਹੜ੍ਹਾਂ ਤੋਂ ਪਿੰਡਾਂ ਅਤੇ ਕਿਸਾਨਾਂ ਨੂੰ ਬਚਾਉਣ ਲਈ ਇੱਕ ਵੱਡਾ ਸੇਵਾ ਅਭਿਆਨ ਸ਼ੁਰੂ ਕੀਤਾ ਗਿਆ ਹੈ। ਸੰਸਥਾ ਨੇ ਦਰਿਆ ਦੇ ਕਮਜ਼ੋਰ ਅਤੇ ਸੰਵੇਦਨਸ਼ੀਲ ਕਿਨਾਰਿਆਂ 'ਤੇ ਮਜ਼ਬੂਤ ਬੰਨ੍ਹ ਤਿਆਰ ਕਰਨ ਦਾ ਫੈਸਲਾ ਕੀਤਾ ਹੈ, ਤਾਂ ਜੋ ਬਰਸਾਤ ਦੇ ਮੌਸਮ ਦੌਰਾਨ ਹੜ੍ਹਾਂ ਦਾ ਪਾਣੀ ਪਿੰਡਾਂ ਅਤੇ ਖੇਤਾਂ ਵਿੱਚ ਦਾਖਲ ਨਾ ਹੋ ਸਕੇ।ਯੂਨਾਈਟਡ ਸਿੱਖਸ ਫਿਰੋਜ਼ਪੁਰ ਦੇ ਇੰਚਾਰਜ ਸ੍ਰੀ ਜਗਮੀਤ ਸਿੰਘ ਨੇ ਦੱਸਿਆ ਕਿ ਇਲਾਕੇ ਦੇ ਲੋਕ ਕਈ ਸਾਲਾਂ ਤੋਂ ਹੜ੍ਹਾਂ ਦੀ ਸਮੱਸਿਆ ਨਾਲ ਜੂਝ ਰਹੇ ਹਨ, ਪਰ ਅਜੇ ਤੱਕ ਇਸਦਾ ਕੋਈ ਪੱਕਾ ਹੱਲ ਨਹੀਂ ਨਿਕਲਿਆ ਸੀ। ਇਸੇ ਨੂੰ ਧਿਆਨ ਵਿੱਚ ਰੱਖਦਿਆਂ ਯੂਨਾਈਟਡ ਸਿੱਖਸ ਨੇ ਮਨੁੱਖਤਾ ਅਤੇ ਸੇਵਾ ਦੀ ਭਾਵਨਾ ਨਾਲ ਇਸ ਮਹੱਤਵਪੂਰਨ ਕੰਮ ਦੀ ਜ਼ਿੰਮੇਵਾਰੀ ਆਪਣੇ ਸਿਰ ਲਈ ਹੈ।ਉਨ੍ਹਾਂ ਕਿਹਾ ਕਿ ਇਹ ਪ੍ਰੋਜੈਕਟ ਸਥਾਨਕ ਸੰਗਤ, ਸੇਵਾਦਾਰਾਂ ਅਤੇ ਇਲਾਕਾ ਵਾਸੀਆਂ ਦੇ ਸਹਿਯੋਗ ਨਾਲ ਚਲਾਇਆ ਜਾਵੇਗਾ ਅਤੇ ਆਉਣ ਵਾਲੇ ਸਮੇਂ ਵਿੱਚ ਇਸ ਨੂੰ ਹੋਰ ਵੱਡੇ ਪੱਧਰ 'ਤੇ ਲਿਜਾਇਆ ਜਾਵੇਗਾ।ਉਨ੍ਹਾਂ ਜਾਣਕਾਰੀ ਦਿੱਤੀ ਕਿ ਬਸਤੀ ਰਾਮ ਲਾਲ ਪਿੰਡ ਨੇੜੇ ਸਤਲੁਜ ਦਰਿਆ ਕਿਨਾਰੇ ਮਜ਼ਬੂਤ ਬੰਨ੍ਹ ਤਿਆਰ ਕੀਤੇ ਜਾਣਗੇ, ਜਿਸ ਨਾਲ ਆਸ-ਪਾਸ ਦੇ ਪਿੰਡਾਂ ਨੂੰ ਕਾਫੀ ਰਾਹਤ ਮਿਲਣ ਦੀ ਉਮੀਦ ਹੈ।

ਉਨ੍ਹਾਂ ਕਿਹਾ ਕਿ ਇਹ ਸੇਵਾ ਅਭਿਆਨ ਸਿਰਫ ਲੋਕਾਂ ਅਤੇ ਕਿਸਾਨਾਂ ਦੀ ਸੁਰੱਖਿਆ ਤੱਕ ਸੀਮਿਤ ਨਹੀਂ, ਸਗੋਂ ਇਸਦਾ ਮਕਸਦ ਮਨੁੱਖਤਾ, ਏਕਤਾ ਅਤੇ ਨਿਸ਼ਕਾਮ ਸੇਵਾ ਦਾ ਸੰਦੇਸ਼ ਦੇਣਾ ਵੀ ਹੈ।ਸ੍ਰੀ ਜਗਮੀਤ ਸਿੰਘ ਨੇ ਹੋਰ ਦੱਸਿਆ ਕਿ ਬਸਤੀ ਰਾਮ ਲਾਲ ਪਿੰਡ ਵਿੱਚ ਇੱਕ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕੀਤਾ ਜਾਵੇਗਾ, ਜਿਸ ਵਿੱਚ ਸਮਾਜ ਸੇਵੀ, ਪ੍ਰਮੁੱਖ ਸ਼ਖਸੀਅਤਾਂ, ਰਾਜਨੀਤਿਕ ਪ੍ਰਤੀਨਿਧੀਆਂ ਅਤੇ ਧਾਰਮਿਕ ਸੰਤ ਸ਼ਾਮਲ ਹੋਣਗੇ। ਇਸ ਮੌਕੇ ਪਿੰਡ ਦੇ ਸਰਪੰਚ ਸ੍ਰੀ ਜਸਮੇਲ ਸਿੰਘ, ਸ੍ਰੀ ਦਲਜਿੰਦਰ ਸਿੰਘ ਮੰਗਾ ਸਮੇਤ ਕਈ ਮਾਣਯੋਗ ਹਸਤੀਆਂ ਵੀ ਮੌਜੂਦ ਰਹਿਣਗੀਆਂ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਮਨੁੱਖਤਾ ਭਰੇ ਸੇਵਾ ਅਭਿਆਨ ਦਾ ਹਿੱਸਾ ਬਣਨ ਤਾਂ ਜੋ ਭਵਿੱਖ ਵਿੱਚ ਹੜ੍ਹਾਂ ਵਰਗੀਆਂ ਆਫ਼ਤਾਂ ਤੋਂ ਪਿੰਡਾਂ ਅਤੇ ਕਿਸਾਨਾਂ ਨੂੰ ਸੁਰੱਖਿਅਤ ਰੱਖਿਆ ਜਾ ਸਕੇ।ਯੂਨਾਈਟਡ ਸਿੱਖਸ ਦੇ ਸ੍ਰੀ ਅੰਮ੍ਰਿਤਪਾਲ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੰਸਥਾ ਵੱਲੋਂ ਲਗਭਗ 3 ਕਿਲੋਮੀਟਰ ਖੇਤਰ ਵਿੱਚ ਬੰਨ੍ਹ ਬਣਾਉਣ ਦਾ ਕੰਮ ਕੀਤਾ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਇਹ ਸਾਰਾ ਕੰਮ ਸ੍ਰੀ ਜਗਮੀਤ ਸਿੰਘ ਦੀ ਯੋਗ ਅਗਵਾਈ ਅਤੇ ਨੇਤ੍ਰਿਤਵ ਹੇਠ ਕੀਤਾ ਜਾ ਰਿਹਾ ਹੈ।ਸਤਲੁਜ ਦਰਿਆ ਕਿਨਾਰੇ ਮਜ਼ਬੂਤ ਬੰਨ੍ਹ ਤਿਆਰ ਕੀਤੇ ਜਾਣਗੇ, ਜਿਸ ਨਾਲ ਆਸ-ਪਾਸ ਦੇ ਪਿੰਡਾਂ ਨੂੰ ਕਾਫੀ ਰਾਹਤ ਮਿਲਣ ਦੀ ਉਮੀਦ ਹੈ। ਉਨ੍ਹਾਂ ਕਿਹਾ ਕਿ ਇਹ ਸੇਵਾ ਅਭਿਆਨ ਸਿਰਫ ਲੋਕਾਂ ਅਤੇ ਕਿਸਾਨਾਂ ਦੀ ਸੁਰੱਖਿਆ ਤੱਕ ਸੀਮਿਤ ਨਹੀਂ, ਸਗੋਂ ਇਸਦਾ ਮਕਸਦ ਮਨੁੱਖਤਾ, ਏਕਤਾ ਅਤੇ ਨਿਸ਼ਕਾਮ ਸੇਵਾ ਦਾ ਸੰਦੇਸ਼ ਦੇਣਾ ਵੀ ਹੈ।ਸ੍ਰੀ ਜਗਮੀਤ ਸਿੰਘ ਨੇ ਹੋਰ ਦੱਸਿਆ ਕਿ ਬਸਤੀ ਰਾਮ ਲਾਲ ਪਿੰਡ ਵਿੱਚ ਇੱਕ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕੀਤਾ ਜਾਵੇਗਾ, ਜਿਸ ਵਿੱਚ ਸਮਾਜ ਸੇਵੀ, ਪ੍ਰਮੁੱਖ ਸ਼ਖਸੀਅਤਾਂ, ਰਾਜਨੀਤਿਕ ਪ੍ਰਤੀਨਿਧੀਆਂ ਅਤੇ ਧਾਰਮਿਕ ਸੰਤ ਸ਼ਾਮਲ ਹੋਣਗੇ। ਇਸ ਮੌਕੇ ਪਿੰਡ ਦੇ ਸਰਪੰਚ ਸ੍ਰੀ ਜਸਮੇਲ ਸਿੰਘ, ਸ੍ਰੀ ਦਲਜਿੰਦਰ ਸਿੰਘ ਮੰਗਾ ਸਮੇਤ ਕਈ ਮਾਣਯੋਗ ਹਸਤੀਆਂ ਵੀ ਮੌਜੂਦ ਰਹਿਣਗੀਆਂ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਮਨੁੱਖਤਾ ਭਰੇ ਸੇਵਾ ਅਭਿਆਨ ਦਾ ਹਿੱਸਾ ਬਣਨ ਤਾਂ ਜੋ ਭਵਿੱਖ ਵਿੱਚ ਹੜ੍ਹਾਂ ਵਰਗੀਆਂ ਆਫ਼ਤਾਂ ਤੋਂ ਪਿੰਡਾਂ ਅਤੇ ਕਿਸਾਨਾਂ ਨੂੰ ਸੁਰੱਖਿਅਤ ਰੱਖਿਆ ਜਾ ਸਕੇ। ਯੂਨਾਈਟਡ ਸਿੱਖਸ ਦੇ ਸ੍ਰੀ ਅੰਮ੍ਰਿਤਪਾਲ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੰਸਥਾ ਵੱਲੋਂ ਲਗਭਗ 3 ਕਿਲੋਮੀਟਰ ਖੇਤਰ ਵਿੱਚ ਬੰਨ੍ਹ ਬਣਾਉਣ ਦਾ ਕੰਮ ਕੀਤਾ ਜਾ ਚੁੱਕਾ ਹੈ।

## ਜ਼ਿੰਦਗੀ ਬਦਲਣ ਵਾਲੇ ਅਣਮੁੱਲੇ ਵਿਚਾਰ



**ਲਪਟਾਂ...**

ਸਹਿਜ ਚਿੰਤਨ ਚਲਦਿਆਂ ਬਹੁਭਾਂਤੀ ਖਿਆਲਾਂ ਦੀਆਂ ਲਪਟਾਂ ਨਿਕਲਣ ਲੱਗ ਪੈਣ ਤਾਂ ਸਮਝੋ ਕੁੱਝ ਨਵਾਂ ਵਿਚਾਰ ਉਪਜੇਗਾ॥ ਅੱਗ ਦੀਆਂ ਲਪਟਾਂ ਖਤਰੇ ਦੀ ਨਿਸ਼ਾਨੀ ਨੇ। ਸਹਿਜ ਨਾਲ ਚਲਦੀ ਅੱਗ ਤੋਂ ਹੀ ਕੁਝ ਸੁਆਰਨ ਦੀ ਉਮੀਦ ਰੱਖੀ ਜਾ ਸਕਦੀ ਹੈ। ਸਹਿਜ ਅਵਸਥਾ ਵਾਲਾ ਵਿਅਕਤੀ ਖੁੱਦ ਅਤੇ ਸਮਾਜ ਲਈ ਲਾਹੇਬੰਦ ਸਾਬਿਤ ਹੁੰਦੈ॥ ਢਾਡੀ ਜਥੇ ਦੇ ਲਪਟਾਂ ਮਾਰਦੇ ਵੀਰ ਰਸ 'ਚ ਭਿੱਜੇ ਬੋਲ ਸਰੋਤਿਆਂ ਦੇ ਡੌਲੇ ਫਰਕਣ ਲਾ ਦਿੰਦੇ ਨੇ ਦੂੱਜੇ ਪਾਸੇ ਮਿਸ਼ਰੀ ਘੁਲੇ ਬੋਲ ਬੰਦੇ ਨੂੰ ਬੁਖਲਾਹਟ 'ਚੋਂ ਬਾਹਰ ਕੱਢ ਸਹਿਜ ਵੀ ਬਣਾ ਜਾਂਦੇ ਨੇ। ਤਾਕਤ ਸ਼ਬਦਾਂ ਤੇ ਬੋਲਣ ਦੇ ਅੰਦਾਜ਼ 'ਚ ਹੁੰਦੀ ਹੈ॥

**ਟੇਕ...**

ਥਾਂ ਥਾਂ ਮੱਥੇ ਟੇਕਣ ਨਾਲ ਤਾਂ ਭਟਕਣਾ ਹੀ ਵਧਣੀ ਹੈ। ਚਿੰਤਨ ਚਲਾਓ। ਇੱਕ 'ਤੇ ਟੇਕ ਰੱਖ ਚੱਲ ਕੇ ਤਾਂ ਦੇਖੋ। ਸਹਿਜ ਰਹਿਣਾ ਸਿੱਖ ਜਾਵੋਂਗੇ॥ ਬਜ਼ੁਰਗਾਂ ਨੂੰ ਦਿਲੋਂ ਮੱਥਾ ਟੇਕਦੇ ਜਾਓ ਤਾਂ ਢੇਰਾਂ ਦੇ ਢੇਰ ਆਸ਼ੀਰਵਾਦ ਮਿਲਣਗੇ। ਸਕੂਨ 'ਚ ਇਜ਼ਾਫਾ ਹੋਣ ਲੱਗ ਪਵੇਗਾ॥ ਵਹਿਮ ਕਰਨਾ ਛੱਡੋ ਵਰਨਾ ਕਿਤੇ ਵੀ ਟੇਕ ਨਹੀਂ ਮਿਲੇਗੀ। ਤੁਹਾਡੇ ਘਰ ਕੋਈ ਮੱਦਦ ਲਈ ਟੇਕ ਰੱਖ ਕੇ ਆਇਐ ਤਾਂ ਖਾਲੀ ਨਾ ਮੋੜੋ। ਵਿਸ਼ਵਾਸ ਦੀਆਂ ਤੰਦਾਂ ਮਜ਼ਬੂਤ ਹੁੰਦੀਆਂ ਜਾਣਗੀਆਂ॥

-ਦਰਸ਼ਨ ਸਿੰਘ ਬਰੇਟਾ
ਪ੍ਰਿੰਸੀਪਲ/ਜਿਲਾ ਆਰਗੇਨਾਈਜ਼ਿੰਗ ਕਮਿਸ਼ਨਰ ਮਾਨਸਾ।

## ਸਵੇਰ ਸੁਨੇਹਾ



ਭਾਰਤ ਦੇਸ਼ ਵਿੱਚ ਪਟਰੋਲ ਡੀਜਲ ਦੀਆਂ ਕੀਮਤਾਂ ਵਿੱਚ ਵਾਧਾ ਹੋਇਆ। ਕਾਰੋਬਾਰੀ ਤੇ ਵਪਾਰੀ ਵਰਗ ਤਾਂ ਆਪਣੇ ਸਾਮਾਨ ਦੀਆਂ ਕੀਮਤਾਂ ਉੱਪਰ ਚੁੱਕ ਕੇ ਆਪਣਾ ਘਾਟਾ ਪੂਰਾ ਕਰ ਲੈਣਗੇ। ਇਸ ਦੀ ਮਾਰ ਤਾਂ ਕਿਸਾਨ, ਮਜ਼ਦੂਰ ਤੇ ਮੁਲਾਜ਼ਮਾਂ ਨੂੰ ਪੈਣੀ ਹੈ।

ਗੁਰਮੀਤ ਸਿੰਘ ਸਿੱਧੂ ਫਰੀਦਕੋਟ।
81465 93089

## ਦਰਅਸਲ



ਅੱਜ ਸਾਨੂੰ ਸੁਲਝੀਆਂ ਹੋਈਆਂ ਮਾਵਾਂ
ਦੀ ਲੋੜ ਐ,ਠੰਡੀਆਂ-ਘਣੀਆਂ ਸਦਾ
ਬਣ ਰਹਿਣ ਛਾਵਾਂ ਦੀ ਲੋੜ ਐ !
ਇਲਮ ਦੀ ਗੁੜ੍ਹਤੀ,ਸਹਿਜ ਦਾ
ਪਹਿਰਾਵਾ,ਮਜਬੂਤ ਕੰਧੇ,ਦਾਨੀ ਹੱਥ,
ਮੁਹੱਬਤੀ ਬਾਹਵਾਂ ਦੀ ਲੋੜ ਐ !
ਨਫਰਤ,ਹਉਮੇ,ਭੇਦ-ਭਾਵ ਦਿਲਾਂ ਚੋਂ
ਮਿਟਾ ਕੇ,ਇਨ੍ਹਾਂ ਸਿਰਾਂ ਤੋਂ ਉਤਾਰ ਲੈਣ
ਬਲਾਵਾਂ ਦੀ ਲੋੜ ਐ !
ਜਿੱਥੇ ਸ਼ਿੱਕਵੇ-ਸ਼ਿਕਾਇਤਾਂ ਦੀ ਹੱਦ
ਮੁਕ ਜਾਵੇ,ਤੰਗ ਹੀ ਹੋਣ ਬੇਸ਼ਕ ਅਬਾਦ
ਥਾਵਾਂ ਦੀ ਲੋੜ ਐ !
ਨਿਰਾ ਹੋਵੇ ਇਸ਼ਕ ਸਾਡੇ ਨੈਣਾਂ ਚੋਂ
ਦਿਨ-ਰਾਤ ਵਰਸਦਾ,ਕਾਤਲਾਨਾ ਹੋਣ
ਭਾਵੇਂ ਅਦਾਵਾਂ ਦੀ ਲੋੜ ਐ !
ਮੰਜ਼ਿਲ ਤਰਫ ਲਿਜਾਣ ਖੁਦ-ਬਖੁਦ
ਹੱਥ ਥਾਮ ਹਰੇਕ ਨੂੰ,ਉਦ੍ਹੀ ਮੇਹਰ
ਸੱਦਕਾ ਥਿਆ ਜਾਣ ਅਦਭੁਦ ਰਾਹਾਂ
ਦੀ ਲੋੜ ਐ !
ਮਿਲਣ ਦੋ ਅਲੱਗ ਰੂਹਾਂ ਦਾ ਪੂਰੇ
ਗੁਰੂ ਦੀ ਪ੍ਰਿਕ੍ਰਮਾਂ ਕਰ,ਮਜਾਕ ਵਿੱਚ
ਨਾ ਲਈਆਂ ਜਾਣ ਚਾਰ ਲਾਵਾਂ ਦੀ
ਲੋੜ ਐ !
ਰਣਜੀਤ ਪ੍ਰੇਮ ਦੀ ਖੇਤੀ,ਸੱਚ ਦੇ ਵਪਾਰ
ਵਿੱਚ,ਦਿਨ ਦੁਗਣੀ-ਰਾਤ
ਚੋਗੁਣੀ ਤਰੱਕੀ ਲਈ ਦੁਆਵਾਂ ਦੀ
ਲੋੜ ਐ !
ਦਰਅਸਲ ਅੱਜ ਸਾਨੂੰ ਸੁਘੜ-ਸਿਆਣੀਆਂ
ਮਾਵਾਂ ਦੀ ਲੋੜ ਐ !

ਕਦੇ ਕੋਈ ਬੱਚਾ ਆਪਣੇ ਮਾਰਗ ਤੋਂ ਨਈਂ ਭਟਕ ਸਕਦਾ ਅਗਰ ਮਾਂ ਪੂਰੀ ਜਾਗਰੁਕ ਹੋਵੇ,ਬੱਚੇ ਅੱਗੇ ਅਕਸਰ ਉਹ ਹੀ ਵਿਗੜ ਕੇ ਅੱਤ ਚੁੱਕਦੇ ਹਨ ਜਿੰਨ੍ਹਾਂ ਦੀਆਂ ਮਾਵਾਂ ਨੇ ਪਿਆਰ ਚ ਅੰਨ੍ਹੀਆਂ ਹੋ ,ਬੇਲੋੜੇ ਲਾਡ ਲਡਾਏ !
ਸੋ ਸਿੱਖਿਆ ਸਿਰਫ ਕਿਤਾਬੀ ਨਹੀਂ ਸਗੋਂ ਬੁਨਿਆਦੀ ਵੀ ਜਰੂਰੀ ਹੈ,ਤਾ ਜੋ ਸਮਾਜਿਕ,ਧਾਰਮਿਕ,ਰਿੱਸ਼ਤਿਆਂ ਦੀ ਮਹੱਤਤਾ ਦਾ ਗਿਆਨ ਹਰ ਧੀ ਨੂੰ ਹੋਵੇ,ਜਿਸ ਨਾਲ ਉਹ ਚੰਗੇ ਖਾਣ,ਪਹਿਨਣ,ਪਕਾਉਂਣ ਦੀ ਆਦੀ ਖੁਦ-ਬਖੁਦ ਹੋ ਜਾਵੇਗੀ !
ਸਿਆਣਿਆਂ ਤੋਂ ਅਕਸਰ ਸੁਣਿਆ ਕਰਦੇ ਸੀ ਧੀ ਪੜ੍ਹੀ ਪੜ੍ਹਿਆ ਪਰਿਵਾਰ !

Ranjit Kaur Toronto


**ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ**

# ਅੱਜ ਦੀ ਕੰਮਕਾਜ਼ੀ ਔਰਤ ਸਵੈ- ਨਿਰਭਰ ਹੁੰਦੀ ਹੁੰਦੀ ਜਿਆਦਾ ਬੋਝ ਥੱਲੇ ਆ ਗਈ ਹੈ



ਪਹਿਲਾਂ ਔਰਤ ਸਿਰਫ ਘਰ ਦਾ ਕੰਮ ,ਬੱਚਿਆਂ ਦਾ ਪਾਲਣ ਪੋਸ਼ਣ,ਪਰਿਵਾਰ ਦੀ ਦੇਖ ਭਾਲ ਕਰਦੀ ਸੀ ਪਰ ਜਿਉਂ ਜਿਉਂ ਸਮਾਂ ਬਦਲਿਆ ਔਰਤ ਸਿੱਖਿਅਤ ਹੋਈ ਅਤੇ ਉਸਨੂੰ ਅਹਿਸਾਸ ਹੋਇਆ ਕਿ ਉਹ ਸਿਰਫ਼ ਘਰੇਲੂ ਕੰਮ ਕਰਨ ਲਈ ਪੈਦਾ ਨਹੀਂ ਹੋਈ ,ਉਸਦੇ ਵੀ ਕੁੱਝ ਸੁਪਨੇ ਹਨ ਕੁੱਝ ਉਮੀਦਾਂ ਹਨ ਜੋਕਿ ਸਾਰੀ ਜ਼ਿੰਦਗੀ ਘਰ ਦੀ ਚਾਰਦੀਵਾਰੀ ਵਿੱਚ ਹੀ ਰਹਿਕੇ ਨਹੀਂ ਗੁਜ਼ਾਰ ਸਕਦੀ ,ਕਿਉਂਕਿ ਜਿਵੇਂ ਦੀ ਅਜ਼ਾਦੀ ਇੱਕ ਪੁਰਸ਼ ਮਾਣ ਸਕਦਾ ਹੈ ਓਹ ਵੀ ਪੜ੍ਹੀ ਲਿਖੀ ਹੈ ਓਹ ਵੀ ਕੋਈ ਨੌਕਰੀ ਕਰ ਸਕਦੀ ਹੈ ਕਿਉਂਕਿ ਘਰੇਲੂ ਔਰਤ ਦੀ ਸਾਰਾ ਦਿਨ ਘਰ ਦੇ ਕੰਮਕਾਜ਼ ਵਿੱਚ ਮੱਤ ਮਾਰੀ ਰਹਿੰਦੀ ਹੈ ਓਹ ਆਪਣੇ ਵੱਲ ਧਿਆਨ ਹੀ ਨਹੀਂ ਦੇ ਸਕਦੀ ਸਾਰਾ ਦਿਨ ਘਰਦੇ ਕੰਮਾਂ ਵਿੱਚ ਉੱਲਝੀ ਆਪਣੇ ਲਈ ਤਿਆਰ ਹੋਣ ਲਈ ਸਮਾਂ ਵੀ ਨਹੀਂ ਕੱਢ ਪਾਉਂਦੀ ,ਓਹਦੇ ਉੱਲਟ ਜਿਹੜੀਆਂ ਔਰਤਾਂ ਕੋਈ ਡਿਊਟੀ ਕਰਦੀਆਂ ਹਨ ਓਹ ਸਵੇਰੇ ਸਵੇਰੇ ਬਣ ਠਣ ਕੇ ਬਾਹਰ ਨਿਕਲਦੀਆਂ ਹਨ ਅਤੇ ਘਰੇਲੂ ਔਰਤ ਸਾਰਾ ਦਿਨ ਖਿੱਲਰੇ ਵਾਲਾਂ ਨਾਲ ਘਰ ਵਿੱਚ ਪਾਉਣ ਵਾਲੇ ਕੱਪੜੇ ਜਿੰਨਾਂ ਵਿੱਚੋਂ ਸਬਜ਼ੀ ਵਿੱਚ ਪਾਉਣ ਵਾਲੇ ਮਸਾਲਿਆਂ ਦੀ ਮਹਿਕ ਆਉਂਦੀ ਹੁੰਦੀ ਹੈ ਨਾਲ ਹੀ ਜ਼ਿੰਦਗੀ ਗੁਜ਼ਾਰ ਦਿੰਦੀ ਹੈ ,ਨਾ ਸੱਜਣਾ ਨਾ ਫੱਬਣਾ ,ਪੁਰਸ਼ਾਂ ਨੂੰ ਵੀ ਇਹੋ ਜਿਹੀਆਂ ਔਰਤਾਂ ਪਸੰਦ ਨਹੀਂ ਆਉਂਦੀਆਂ ਫਿਰ ਉਹਨਾਂ ਦਾ ਧਿਆਨ ਹੋਰ ਪਾਸੇ ਭਟਕਣ ਲੱਗ ਜਾਂਦਾ ਹੈ। ਦੂਜੀ ਗੱਲ ਪੁਰਸ਼ ਕਮਾ ਰਿਹਾ ਹੁੰਦਾ ਉਸਨੂੰ ਇਸ ਗੱਲ ਦਾ ਮਾਣ ਬਹੁਤ ਹੁੰਦਾ ਓਹ ਜਰੂਰੀ ਲੋੜਾਂ ਲਈ ਵੀ ਔਰਤ ਨੂੰ ਪੈਸਾ ਦੇਕੇ ਰਾਜ਼ੀ ਨਹੀਂ ਹੁੰਦਾ ,ਕੁੱਝ ਪੁਰਸ਼ਾਂ ਦੀ ਆਦਤ ਹੁੰਦੀ ਓਹ ਪੈਸੇ ਦੇ ਮਾਮਲੇ ਵਿੱਚ ਔਰਤ ਨੂੰ ਬਹੁਤ ਜਲੀਲ ਕਰਦੇ ਹਨ ਸੋ ਔਰਤ ਨੇ ਇਹਨਾਂ ਸਾਰੇ ਕੰਮਾਂ ਤੋਂ ਤੰਗ ਹੋਕੇ ਬਾਹਰ ਕੋਈ ਨੌਕਰੀ ਕਰਨ ਵੱਲ ਰੁਖ਼ ਕੀਤਾ ਪਰ ਏਥੇ ਵੀ ਉਸਨੂੰ ਕੋਈ ਜਿਆਦਾ ਸੁੱਖ ਨਹੀਂ ਮਿਲਿਆ ਹੁਣ ਉਸਤੇ ਦੋਹਰਾ ਦਬਾਅ ਅਤੇ ਬੋਝ ਹੁੰਦਾ ,ਉਸਨੂੰ ਬਾਹਰ ਨੌਕਰੀ ਕਰਨ ਦੇ ਨਾਲ ਨਾਲ ਘਰ ਦੀਆਂ ਸਾਰੀਆਂ ਜਿੰਮੇਵਾਰੀਆਂ ਓਵੇਂ ਦੀਆਂ ਓਵੇਂ ਹੀ ਸਾਂਭਣੀਆਂ ਪੈਂਦੀਆਂ ਹਨ, ਸਵੇਰੇ ਸਵੇਰੇ ਜਦੋਂ ਉਸਨੇ ਆਪ ਵੀ ਕੰਮ ਤੇ ਜਾਣਾ ਹੁੰਦਾ, ਬੱਚਿਆਂ ਪਤੀ ਦਾ ਟਿਫਨ ਤਿਆਰ ਕਰਨਾ ਥਾਂਓਂ ਥਾਈਂ ਕੱਪੜੇ ਦੇਣੇ ,ਪ੍ਰੈਸ ਕਰਨੇ ਬਹੁਤ ਸਾਰੇ ਇਹੋ ਜਿਹੇ ਕੰਮ ਹੁੰਦੇ ਹਨ ਜਿੱਥੇ ਔਰਤ ਹੀ ਭੱਜੀ ਫਿਰ ਰਹੀ ਹੁੰਦੀ ਹੈ ਅਤੇ ਪੁਰਸ਼ ਸਿਰਫ਼ ਆਰਾਮ ਨਾਲ ਉੱਠਕੇ ਤਿਆਰ ਹੁੰਦਾ ਹੈ ਅਤੇ ਆਪਣੀ ਨਿੱਕੀ ਨਿੱਕੀ ਚੀਜ਼ ਲਈ ਔਰਤ ਨੂੰ ਦੌੜਾਉਂਦਾ ਹੈ , ਸ਼ਾਮ ਨੂੰ ਵੀ ਘਰ ਆਕੇ ਥੱਕੀ ਟੁੱਟੀ ਔਰਤ ਹੀ ਰਸੋਈ ਭਾਂਡੇ ,ਸਫ਼ਾਈ ਅਤੇ ਕੱਪੜੇ ਧੋਣ ਦਾ ਸਾਰਾ ਕੰਮ ਸਾਂਭਦੀ ਹੈ,ਜਦਕਿ ਸੋਚਿਆ ਜਾਵੇ ਤਾਂ ਘਰ ਦੋਵਾਂ ਦਾ ਹੈ ਤਾਂ ਦੋਵਾਂ ਨੂੰ ਹੀ ਰਲ ਮਿੱਲਕੇ ਘਰ ਦੇ ਕੰਮਕਾਜ਼ ਨਿਪਟਾਉਣੇ ਚਾਹੀਦੇ ਹਨ ਤਾਂ ਹੀ ਸੰਤੁਲਨ ਬਣਿਆ ਰਹਿ ਸਕਦਾ ਹੈ,ਕੁੱਝ ਘਰਾਂ ਵਿੱਚ ਜਿੱਥੇ ਪੁਰਸ਼ ਦੇ ਦਿਮਾਗ ਵਿੱਚ ਇਹ ਗੱਲ ਭਰੀ ਗਈ ਹੁੰਦੀ ਹੈ ਕਿ ਘਰ ਦੇ ਕੰਮ ਬਸ ਔਰਤ ਦੀ ਹੀ ਜਿੰਮੇਵਾਰੀ ਹਨ,ਇਹ ਗੱਲਾਂ ਲੜਾਈ ਦਾ ਕਾਰਨ ਬਣਦੀਆਂ ਹਨ ਅਤੇ ਤਲਾਕ ਤੱਕ ਵੀ ਗੱਲਾਂ ਪਹੁੰਚ ਜਾਂਦੀਆਂ ਹਨ। ਮੇਰੀਆਂ ਇਹ ਗੱਲਾਂ ਸਾਰਿਆਂ ਘਰਾਂ ਲਈ ਬੇਸ਼ੱਕ ਨਾ ਢੁੱਕਦੀਆਂ ਹੋਣ ਪਰ ਮੱਧਵਰਗੀ ਪਰਿਵਾਰਾਂ ਵਿੱਚ ਇਹ ਚੀਜ਼ਾਂ ਆਮ ਹਨ ਜਿੱਥੇ ਪੁਰਸ਼ ਦੀ ਇਨਕਮ ਘੱਟ ਹੁੰਦੀ ਹੈ ਅਤੇ ਔਰਤ ਨੂੰ ਘਰ ਦੇ ਖਰਚਿਆਂ ਨੂੰ ਚੁੱਕਣ ਲਈ ਨੌਕਰੀ ਕਰਨੀ ਪੈਂਦੀ ਹੈ। ਸੋ ਕੁੱਲ ਮਿਲਾ ਕੇ ਔਰਤ ਅਜ਼ਾਦ ਨਹੀਂ ਸੌ ਝੁਮੇਲੇ ਓਹਨੇ ਆਪਣੇ ਲਈ ਸਹੇੜ ਲਏ ਹਨ ਜਿਸਨੇ ਉਸਦੀਆਂ ਮੁਸ਼ਕਿਲਾਂ ਹੋਰ ਵਧਾਈਆਂ ਹਨ । ਅਖੀਰ ਵਿੱਚ ਇਹੋ ਕੁੱਝ ਕਹਿਣਾ ਚਾਹਾਂਗੀ ਕਿ ਸਮਾਂ ਬਦਲ ਚੁੱਕਾ ਹੈ। ਮਹਿੰਗਾਈ ਦਾ ਯੁੱਗ ਹੈ ਇੱਕ ਜਾਣੇ ਦੀ ਕਮਾਈ ਨਾਲ ਕੁੱਝ ਨਹੀਂ ਬਣਦਾ,ਘਰਾਂ ਦੇ ਖਰਚੇ ਪੂਰੇ ਨਹੀਂ ਹੁੰਦੇ ਸੋ ਇਸ ਪਰਿਵਾਰ ਰੂਪੀ ਗੱਡੀ ਨੂੰ ਚਲਾਉਣ ਲਈ ਦੋਵਾਂ ਦਾ ਇੱਕ ਦੂਜੇ ਨੂੰ ਸਮਝਣਾ ਅਤੇ ਇੱਕ ਦੂਜੇ ਦਾ ਘਰ ਦੇ ਕੰਮਾਂ ਵਿੱਚ ਬੋਝ ਵੰਡਾਉਣਾ ਸਮੇਂ ਦੀ ਜਰੂਰਤ ਹੈ ਤਾਂ ਕਿ ਘਰਾਂ ਵਿੱਚ ਤਣਾਅ ਦਾ ਮਾਹੌਲ ਨਾ ਬਣਿਆ ਰਹੇ ਅਤੇ ਲੜਾਈ ਝੱਗੜੇ ਨਾ ਹੋਣ ,ਕਈ ਔਰਤਾਂ ਚੁੱਪ ਚਪੀਤੇ ਵੀ ਇਹ ਬੋਝ ਢੋਂਹਦੀਆਂ ਹਨ ਜਿਸਦੇ ਕਰਕੇ ਚਿੰਤਾ ਦੀ ਵਜ੍ਹਾ ਨਾਲ ਸਰੀਰਕ ਪੱਖੋਂ ਕਮਜ਼ੋਰ ਹੁੰਦੀਆਂ ਜਾਂਦੀਆਂ ਹਨ । ਔਰਤ ਤੋਂ ਬਗੈਰ ਘਰ ,ਘਰ ਨਹੀਂ ਹੁੰਦਾ ਉਸਦੀ ਅਹਿਮੀਅਤ ਨੂੰ ਸਮਝਣਾ ਬਹੁਤ ਜਰੂਰੀ ਹੈ ਜਿੱਥੇ ਇਹ ਚੀਜ਼ ਸਮਝੀ ਜਾਂਦੀ ਹੈ ਓਹ ਘਰ ਸਵਰਗ ਹਨ ਅਤੇ ਜਿੱਥੇ ਪੁਰਸ਼ ਅਜੇ ਪੁਰਾਣੇ ਵਿਚਾਰਾਂ ਤੋਂ ਬਾਹਰ ਨਹੀਂ ਆਉਂਦੇ ਓਹ ਘਰ ਨਰਕ ਬਣੇ ਰਹਿੰਦੇ ਹਨ ਰੋਜ਼ ਦੇ ਕਲਾ ਕਲੇਸ਼ ਘਰਾਂ ਨੂੰ ਤੋੜ ਦਿੰਦੇ ਹਨ।✍️ਹਰਵਿੰਦਰ ਕੌਰ ਕਾਹਲੋਂ

# ਮੇਰਾ ਜਦੋਂ ਵਿਆਹ ਮੇਹਰੂਨੀਆ ਨਾਲ ਵਿਆਹ ਹੋਇਆ ਉਦੋਂ ਉਹ 17 ਤੇ ਮੈਂ 19 ਸਾਲ ਦਾ ਸੀ





ਮੇਰਾ ਜਦੋਂ ਵਿਆਹ ਮੇਹਰੂਨੀਆ ਨਾਲ ਵਿਆਹ ਹੋਇਆ ਉਦੋਂ ਉਹ 17 ਤੇ ਮੈਂ 19 ਸਾਲ ਦਾ ਸੀ। ਬਚਪਨ ਤੋਂ ਹੀ ਮੈਨੂੰ ਅੰਗਰੇਜ਼ੀ ਸੱਭਿਆਚਾਰ ਨੇ ਬਹੁਤ ਪ੍ਰਭਾਵਿਤ ਕੀਤਾ ਸੀ। ਇਸ ਲਈ ਉਦੋਂ ਤੋਂ ਹੀ ਮੈਂ ਅੰਗਰੇਜ਼ੀ ਭਾਸ਼ਾ ,ਅੰਗਰੇਜ਼ੀ ਤੌਰ ਤਰੀਕੇ ਰਹਿਣ ਸਹਿਣ ਦੇ ਢੰਗ ਸਿੱਖ ਲਏ ਸੀ। ਦੂਜੇ ਪਾਸੇ ਮੇਰੀ ਪਤਨੀ ਮੇਹਰੂਨੀਆ ਮੇਰੇ ਬਿਲਕੁਲ ਉਲਟ ਇੱਕ ਘਰੇਲੂ ਔਰਤ ਸੀ। ਮੇਰੀਆਂ ਸਾਰੀਆਂ ਸਲਾਹਾਂ ਸਾਰੇ ਸਿਖਾਉਣ ਦੇ ਤਰੀਕੇ ਉਸਦੇ ਮੂਲ ਵਿਵਹਾਰ ਨਾ ਬਦਲ ਸਕੇ। ਭਾਂਵੇ ਉਹ ਇੱਕ ਆਗਿਆਕਾਰੀ ਘਰਵਾਲੀ ਸੀ ਇੱਕ ਚੰਗੀ ਮਾਂ ਸੀ , ਤੇ ਇੱਕ ਵਧੀਆ ਖਾਣਾ ਪਕਾਉਣ ਵਾਲੀ ਸੀ। ਪਰ ਉਹ ਉਹ ਨਹੀਂ ਸੀ ਜੋ ਮੈਂ ਚਾਹੁੰਦਾ ਸੀ.

ਮੈਂ ਜਿੰਨਾ ਉਸਨੂੰ ਆਪਣੇ ਤੌਰ ਤਰੀਕਿਆਂ ਨਾਲ ਬਦਲਣ ਦੀ ਕੋਸ਼ਿਸ ਕਰਦਾ ਉਹ ਹੋਰ ਵੀ ਅੰਦਰੋਂ ਅੰਦਰੀ ਘੁੱਟੀ ਜਾਣ ਲੱਗੀ ਤੇ ਇੱਕ ਹਾਸ ਰਾਸ ਨਾਲ ਭਰਪੂਰ ਤੇ ਪਿਆਰ ਕਰਨ ਵਾਲੀ ਕੁੜੀ ਤੋਂ ਚੁਪਚਾਪ ਰਹਿਣ ਵਾਲੀ ਔਰਤ ਚ ਬਦਲ ਗਈ।

ਉੱਨੀ ਦਿਨੀ ਮੈਂ ਆਪਣੀ ਇੱਕ ਸਾਥੀ ਫ਼ਿਲਮੀ ਕਲਾਕਾਰ ਕੁੜੀ ਵੱਲ ਆਕਰਸ਼ਿਤ ਹੋ ਗਿਆ ਜੋ ਮੇਰੇ ਨਾਲ ਵਿਆਹ ਕਰਵਾਉਣਾ ਚਾਹੁੰਦੀ ਸੀ।

ਅਖੀਰ ਦਸ ਸਾਲਾਂ ਦੇ ਸਾਥ ਮਗਰੋਂ ਮੈਂ ਮੇਹਰੂਨੀਆ ਨੂੰ ਤਲਾਕ ਦੇ ਕੇ ਆਪਣਾ ਘਰ ਛੱਡਕੇ ਸਾਥੀ ਫ਼ਿਲਮੀ ਕਲਾਕਾਰ ਨਾਲ ਵਿਆਹ ਕਰਵਾ ਲਿਆ। ਜਾਣ ਤੋਂ ਪਹਿਲਾ ਮੈਂ ਇਹ ਨਿਸ਼ਚਿਤ ਕੀਤਾ ਕਿ ਮੇਹਰੂਨੀਆ ਜਾਂ ਮੇਰੇ ਬੱਚਿਆਂ ਨੂੰ ਪੈਸੇ ਵੱਲੋਂ ਕਦੇ ਕੋਈ ਤੰਗੀ ਨਾ ਰਹੇ। ਮੁੜਕੇ ਮੈਂ ਕਦੇ ਉਸਦੀ ਖਬਰ ਨਾ ਲਈ।

ਪਰ 6-7 ਮਹੀਨਿਆਂ ਮਗਰੋਂ ਹੀ ਮੈਨੂੰ ਅਹਿਸਾਸ ਹੋਇਆ ਕਿ ਮੇਰੀ ਨਵੀਂ ਪਤਨੀ ਨੂੰ ਮੇਰੀ ਬਿਲਕੁਲ ਪ੍ਰਵਾਹ ਨਹੀਂ ਉਸਨੂੰ ਹਮੇਸ਼ਾ ਫਿਕਰ ਸੀ ਆਪਣੀ ਸੁੰਦਰਤਾ ਦੀ ਆਪਣੀ ਦਿੱਖ ਦੀ ਆਪਣੇ ਕੈਰੀਅਰ ਤੇ ਰੁਤਬੇ ਦੀ।

ਉਦੋਂ ਮੈਨੂੰ ਮੇਹਰੂਨੀਆ ਦੇ ਪਿਆਰ ਸਨੇਹ ਤੇ ਲਗਾਅ ਦੀ ਕਮੀ ਮਹਿਸੂਸ ਹੋਈ। ਪਰ ਮੈਂ ਮੁੜਨ ਦਾ ਯਤਨ ਨਾ ਕੀਤਾ। #HarjotDiKalam

ਜਿੰਦਗੀ ਲੰਗਦੀ ਗਈ ਮੈਂ ਤੇ ਮੇਰੀ ਪਤਨੀ ਇੱਕੋ ਘਰ ਵਿੱਚ ਦੋ ਅਜਨਬੀ ਲੋਕਾਂ ਵਾਂਗ ਰਹਿ ਰਹੇ ਸੀ। 6-7 ਸਾਲ ਇੱਕ ਆਰਟੀਕਲ ਵਿੱਚ ਮੈਂ ਇੱਕ ਮਧੁਰ ਜਾਫਰੀ ਬਾਰੇ ਪੜ੍ਹਿਆ ਜੋ ਇੱਕ ਬੜੀ ਛੇਤੀ ਮਸ਼ਹੂਰ ਹੋਈ ਸ਼ੈੱਫ ( ਖਾਣਾ ਬਣਾਉਣ ਵਾਲੀ ਪ੍ਰੋਫੈਸ਼ਨਲ) ਸੀ ਜਿਸਨੇ ਹੁਣੇ ਹੁਣੇ ਨਵੇਂ ਖਾਣਿਆਂ ਦੀ ਆਪਣੀਆਂ ਰੈਸੀਪੀਆਂ ਦੀ ਕਿਤਾਬ ਲਾਂਚ ਕੀਤੀ ਸੀ। ਜਿਵੇਂ ਹੀ ਮੈਂ ਫੋਟੋ ਵੇਖੀ ਮੈਂ ਹੈਰਾਨ ਰਹਿ ਗਿਆ। ਇਹ ਤਾਂ ਮੇਹਰੂਨੀਆ ਸੀ। ਪਰ ਇਹ ਕਿਵੇਂ ਹੋ ਸਕਦਾ ਸੀ ?

ਉਸਨੇ ਨਵਾਂ ਵਿਆਹ ਕਰਵਾ ਲਿਆ ਸੀ ਤੇ ਆਪਣਾ ਨਾਮ ਵੀ ਬਦਲ ਲਿਆ ਸੀ।

ਉਦੋਂ ਮੈਂ ਫਲਾਈਟ ਰਾਂਹੀ ਕਿਤੇ ਜਾਣ ਵਾਲਾ ਸੀ। ਉਦੋਂ ਉਹ ਅਮਰੀਕਾ ਰਹਿੰਦੀ ਸੀ। ਮੈਂ ਆਪਣੀ ਉਸ ਫਲਾਈਟ ਨੂੰ ਛੱਡਕੇ ਮੈਂ ਤੁਰੰਤ ਇੱਕ ਟਿਕਟ ਅਮਰੀਕਾ ਦੀ ਖਰੀਦੀ ਤੇ ਓਥੇ ਪਹੁੰਚ ਗਿਆ। ਉਸਦਾ ਪਤਾ ਟਿਕਾਣਾ ਫੋਨ ਵਗੈਰਾ ਲੱਭ ਕੇ ਮੈਂ ਉਸਨੂੰ ਮਿਲਣ ਲਈ ਪੁੱਛਿਆ। ਉਸਨੇ ਤੁਰੰਤ ਸਾਫ ਨਾ ਕਰ ਦਿੱਤੀ ਪਰ ਮੇਰੇ ਬੱਚਿਆਂ ਜੋ ਉਦੋਂ 14 ਤੇ 12 ਸਾਲ ਦੇ ਸੀ ਨੇ ਉਸਨੂੰ ਮਨਾ ਲਿਆ ਜੋ ਘੱਟੋ ਘੱਟ ਇੱਕ ਵਾਰ ਮਿਲਣਾ ਚਾਹੁੰਦੇ ਸੀ ਜਿਹਨਾਂ ਦੀ ਪਿਛਲੇ 7 ਸਾਲਾਂ ਚ ਮੈਂ ਸ਼ਕਲ ਵੀ ਨਹੀਂ ਸੀ ਵੇਖੀ। ਉਸਦਾ ਪਤੀ ਉਸਦੇ ਨਾਲ ਸੀ ਜੋ ਕਿ ਹੁਣ ਮੇਰੇ ਬੱਚਿਆਂ ਦਾ ਵੀ ਪਿਤਾ ਸੀ। ਬੱਚਿਆਂ ਨੇ ਜੋ ਜੋ ਮੈਨੂੰ ਦੱਸਿਆ ਉਹ ਮੈਂ ਅੱਜ ਤੱਕ ਨਹੀਂ ਭੁੱਲ ਸਕਿਆ।

ਬੱਚਿਆਂ ਨੇ ਦੱਸਿਆ ਕਿ ਉਸਦੇ ਨਵੇਂ ਪਤੀ ਨੇ ਮੇਹਰੂਨੀਆ ਦੇ ਸੱਚੇ ਪਿਆਰ ਨੂੰ ਸਮਝਿਆ ਉਸਨੂੰ ਉਵੇਂ ਸਵੀਕਾਰ ਕੀਤਾ ਜਿਵੇਂ ਉਹ ਸੀ। ਖੁਦ ਨੂੰ ਉਸ ਉੱਤੇ ਥੋਪਿਆ ਨਹੀਂ। ਸਗੋਂ ਉਸਨੂੰ ਜਿਵੇਂ ਸੀ ਉਵੇਂ ਹੀ ਖੁਦ ਨੂੰ ਉੱਚਾ ਚੁੱਕਣ ਦਾ ਮੌਕਾ ਦਿੱਤਾ। ਉਸਦੇ ਆਤਮ ਵਿਸ਼ਵਾਸ ਨੂੰ ਵਧਾਇਆ ਤੇ ਇਸ ਤਰਾਂ ਉਹ ਔਰਤ ਇੱਕ ਆਤਮ ਨਿਰਭਰ ਔਰਤ ਚ ਬਦਲ ਗਈ। ਜਿਸਨੂੰ ਅੱਜ ਪੂਰੀ ਦੁਨੀਆਂ ਜਾਣਦੀ ਹੈ। ਇਹ ਸਭ ਉਸਦੇ ਪਤੀ ਦੇ ਪਿਆਰ ਤੇ ਉਸਨੂੰ ਜਿਵੇਂ ਹੈ ਉਵੇਂ ਸਵੀਕਾਰਨ ਕਰਕੇ ਹੀ ਸੰਭਵ ਹੋਇਆ ਹੈ।

(ਸਈਅਦ ਜਾਫ਼ਰੀ ਦੀ ਜੀਵਨੀ ਵਿੱਚੋ )
ਹਰਜੋਤ ਸਿੰਘ
70094 52602



# ਸਾਹਿਤ ਤੇ ਅਧਿਆਪਨ ਦੇ ਖੇਤਰ ਚ ਮੱਲਾਂ ਮਾਰਨ ਵਾਲੀ ਰਮਨਦੀਪ ਕੌਰ ਬਟਾਲਾ

**ਮਾਝੇ ਦੀ ਧਰਤੀ ਨੂੰ ਗੁਰੂਆਂ ਦੀ ਚਰਨ ਛੋਹ ਪ੍ਰਾਪਤ ਹੈ ਇਸ ਧਰਤੀ ਦਾ ਸਾਹਿਤ ਰਚਨ ਵਿੱਚ ਵੀ ਬਹੁਤ ਵੱਡਾ ਯੋਗਦਾਨ ਰਿਹਾ ਹੈ।**





ਮਾਝੇ ਦੀ ਧਰਤੀ ਨੂੰ ਗੁਰੂਆਂ ਦੀ ਚਰਨ ਛੋਹ ਪ੍ਰਾਪਤ ਹੈ ਇਸ ਧਰਤੀ ਦਾ ਸਾਹਿਤ ਰਚਨ ਵਿੱਚ ਵੀ ਬਹੁਤ ਵੱਡਾ ਯੋਗਦਾਨ ਰਿਹਾ ਹੈ। ਮਾਝੇ ਦੇ ਖੇਤਰ ਦਾ ਬਟਾਲਾ ਸ਼ਹਿਰ ਸਾਹਿਤਕਾਰਾਂ ਦੇ ਨਾਮ ਨਾਲ ਪਛਾਣ ਰੱਖਦਾ ਹੈ ਅੱਜਕਲ ਦੇ ਸਮੇਂ ਵਿੱਚ ਵੀ ਦੇਖਿਆ ਜਾਵੇ ਤਾਂ ਬਹੁਤ ਸਾਰੀਆਂ ਕਲਮਾਂ ਇਸੇ ਸ਼ਹਿਰ ਬਟਾਲੇ ਤੋਂ ਪੰਜਾਬੀ ਮਾਂ ਬੋਲੀ ਦੀ ਸੇਵਾ ਕਰ ਰਹੀਆਂ ਹਨ। ਇਹਨਾ ਕਲਮਾਂ ਵਿੱਚੋਂ ਹੀ ਇੱਕ ਕਲਮ ਦਾ ਨਾਮ ਰਮਨਦੀਪ ਕੌਰ ਬਟਾਲਾ ਹੈ।

ਸਾਹਿਤਕ ਅਤੇ ਵਿਦਿਆ ਦੇ ਖੇਤਰ ਵਿੱਚ ਇਕੋ ਵੇਲੇ ਮੱਲਾਂ ਮਾਰਨ ਵਾਲੀ ਸਖ਼ਸ਼ੀਅਤ ਹੈ। ਇਹ ਸਖ਼ਸ਼ੀਅਤ ਇੱਕ ਉਚੀ ਤੇ ਸੁੱਚੀ ਸੋਚ ਦੀ ਮਾਲਕ ਕਵਿਤਾਂ ਚ ਸ਼ਬਦਾਂ ਨੂੰ ਸੁੱਚੇ ਮੋਤੀਆਂ ਦੀ ਮਾਲਾ ਵਾਂਗ ਢੁਕਵੇਂ ਥਾਂ ਤੇ ਚੁਣਨ ਤੇ ਚਿਣਨ ਦਾ ਹੁਨਰ ਰੱਖਦੀ ਹੈ। ਇਸ ਕਲਮ ਨੇ ਕਵਿਤਾ ਚ ਹਰੇਕ ਵਿਸ਼ੇ ਨੂੰ ਰੂਹ ਨਾਲ ਲਿਖਕੇ ਕਵਿਤਾ ਨੂੰ ਉਸੇ ਰਸ ਨਾਲ ਖੂਭ ਲਿਖਕੇ ਨਿਭਾਇਆ ਹੈ।

ਇਸ ਦੀਆਂ ਕਵਿਤਾਵਾਂ ਰਿਸ਼ਤੇ ਨਾਤੇ, ਸਮਾਜਿਕ ਬੁਰਾਈਆਂ ਤੇ ਹੋਰ ਵੱਖ ਵੱਖ ਵਿਸ਼ਿਆਂ ਉੱਪਰ ਨਿਧੜਕ ਤੇ ਸੱਚ ਲਿਖਣਾ ਉਸ ਨੇ ਆਪਣੀ ਕਲਮ ਦਾ ਹਿੱਸਾ ਬਣਾਇਆ ਹੈ।

ਰਮਨਦੀਪ ਕੌਰ ਬਟਾਲਾ ਨੂੰ ਕਈ ਸਾਹਿਤਕ ਮੰਚਾਂ ਵੱਲੋ ਵੀ ਮਾਣ ਸਨਮਾਨ ਮਿਲਦੇ ਰਹਿੰਦੇਂ ਹਨ।

ਸਾਹਿਤ ਅਤੇ ਵਿਦਿਅਕ ਖੇਤਰਾਂ ਵਿੱਚ ਇੱਕੋ ਵੇਲ਼ੇ ਮੱਲਾਂ ਮਾਰਨ ਵਾਲ਼ੀ ਰਮਨਦੀਪ ਕੌਰ ਇੱਕ ਆਮ ਜਿਹੇ ਸਾਦੇ ਅਤੇ ਕਿਸਾਨ ਵਰਗ ਘਰ ਦੀ ਜੰਮਪਲ ਹੈ।

ਪਿਤਾ ਸਰਦਾਰ ਕਰਮ ਸਿੰਘ ਮਾਤਾ ਸਰਦਾਰਨੀ ਜਸਬੀਰ ਕੋਰ ਜੀ ਦੀ ਕੁਖੋਂ ਬਟਾਲੇ ਦੇ ਛੋਟੇ ਜਿਹੇ ਪਿੰਡ ਘੋਗਾ ਵਿੱਚ ਜਨਮ ਲਿਆ। ਕੱਦ ਕਾਠ ਵਿੱਚ ਵੀ ਪਰਮਾਤਮਾ ਨੇ ਕੋਈ ਕਸਰ ਨਹੀਂ ਛੱਡੀ, ਸੁਭਾਅ ਪੱਖੋਂ ਹਸਮੁੱਖ ਅਤੇ ਖੁੱਲ੍ਹੇ ਸੁਭਾਅ ਦੀ ਮਾਲਕ ਹੈ,ਕੁੜੀ ਹੋਣ ਦੇ ਬਾਵਜੂਦ ਵੀ ਮਰਦਾਂ ਵਾਂਗੂ ਗੱਲ ਕਰਨ ਦਾ ਜਜਬਾ ਰੱਖਦੀ ਹੈ।

ਕਿਓਂਕਿ ਉਹਨਾਂ ਸਮਿਆਂ ਵਿੱਚ ਧੀਆਂ ਨੂੰ ਘਰ ਦੀ ਚਾਰ ਦੀਵਾਰੀ ਤੋਂ ਬਾਹਰ ਕੱਢਣਾ ਸਹੀ ਨਹੀਂ ਸੀ ਸਮਝਿਆ ਜਾਂਦਾ ਇਸ ਕਰਕੇ ਲਿਖਣ ਦਾ ਸ਼ੌਕ ਤਾਂ ਭਾਵੇਂ ਸਕੂਲ ਸਮੇਂ ਤੋਂ ਸੀ ਪਰ ਪੂਰਾ ਨਾ ਹੋਇਆ

ਪਰ ਕਾਲਜ ਵਿੱਚ ਇਸ ਸ਼ੌਕ ਨੂੰ ਖੰਭ ਲੱਗੇ ਪਰ ਜਿਆਦਾ ਨਹੀਂ।

ਫਿਰ ਕਰੋਨਾ ਕਾਲ ਵਿਚ ਫੇਸਬੁੱਕ ਪੇਜ ਰਾਹੀਂ ਬਹੁਤ ਸਾਰੇ ਸਾਹਿਤਕ ਗਰੁੱਪਾਂ ਅਤੇ ਸਾਹਿਤਕ ਭੈਣ ਭਰਾਵਾਂ ਨਾਲ ਮੇਲ ਹੋਇਆ ਤੇ ਕਲਮ ਚੱਲ ਪਈ ਜਿਸਨੇ ਆਪਣੇ ਆਲੇ ਦੁਆਲੇ ਦੀਆਂ ਘਟਨਾਵਾਂ, ਆਪਸੀ ਰਿਸ਼ਤਿਆਂ ਦੇ ਤਾਣੇ ਬਾਣੇ ਰਾਜਨੀਤੀ ਨੂੰ ਮੁੱਖ ਰੱਖ ਕ ਬਹੁਤ ਸਾਰੀਆਂ ਕਹਾਣੀਆਂ, ਲੇਖ, ਕਵਿਤਾ ਆਦਿ ਰਚੀਆਂ,

ਉਹਨਾਂ ਦੀਆਂ ਜ਼ਿਆਦਾਤਰ ਕਵਿਤਾਵਾਂ ਖੁੱਲੀਆਂ ਕਵਿਤਾਵਾਂ ਹੁੰਦੀਆਂ ਹਨ

ਬਹੁਤ ਸਾਰੇ ਸਾਹਿਤਕ ਗਰੁੱਪਾਂ ਦੀ ਮੈਬਰ, ਸੰਪਾਦਕ,ਆਦਿ ਵੀ ਹਨ,

ਕਿਸਾਨੀ ਪਰਿਵਾਰ ਵਿਚ ਜਨਮੀ ਹੋਣ ਕਾਰਨ ਕਿਸਾਨ ਦੀਆਂ ਸਮੱਸਿਆ ਨੂੰ ਚੰਗੀ ਤਰ੍ਹਾਂ ਜਾਣਦੀ ਹੈ ਜੋ ਉਸਦੇ ਲੇਖਾਂ ਵਿੱਚ ਝਲਕਦੀ ਹੈ,,ਬਚਪਨ ਤੋਂ ਹੀ ਹਰ ਦੁਖੀ ਇਨਸਾਨ ਨਾਲ ਹਮਦਰਦੀ ਰੱਖਣ ਤੇ ਉਸ ਦਾ ਹਰ ਦੁੱਖ ਦੂਰ ਕਰਨਾ ਚਾਹੁੰਦੀ ਹੋਣ ਕਾਰਨ ਉਸਨੂੰ ਨੂੰ ਲਿਖਣ ਦਾ ਸ਼ੌਕ ਵਧਦਾ ਗਿਆ।

ਆਪਣੇ ਬਾਪ ਦੀਆਂ ਚਾਰ ਧੀਆਂ ਵਿੱਚੋ ਵੱਡੀ ਹੋਣ ਕਾਰਨ ਘਰ ਦੀਆਂ ਜਿੰਮੇਵਾਰੀਆਂ ਨੂੰ ਚੰਗੀ ਤਰ੍ਹਾਂ ਜਾਣਦੀ ਹੈ , ਇੱਕ ਧੀ ਨੂੰ ਸੁੱਘੜ ਸਿਆਣੀ ਹੋਣ ਲਈ ਵੀ ਪ੍ਰੇਰਿਤ ਕਰਦੀ ਹੈ,, ਜਦੋਂ ਵੀ ਕਿਸੇ ਧੀ ਨੂੰ ਅੱਗੇ ਵੱਧਦਾ ਦੇਖਦੀ ਤਾਂ ਉਸਦੀ ਹੌਸਲਾ ਅਫ਼ਜਾਈ ਕਰਨਾ ਆਪਣਾ ਫਰਜ ਸਮਝਦੀ ਹੈ। ਧੀਆਂ ਲੋਕਾਈ ਦੇ ਦਰਦ ਤੇ ਸੰਵੇਦਨਾ ਨੂੰ ਉਸ ਨੇ ਕਾਗਜ਼ ਤੇ ਉਲੀਕਣਾ ਸੁਰੂ ਕਰ ਦਿੱਤਾ ਜੋ ਨਿਰੰਤਰ ਜਾਰੀ ਹੈ।

ਸਹੀ ਗ਼ਲਤ ਵਿਚਲੇ ਫਰਕ ਨੂੰ ਹਿੰਮਤ ਨਾਲ ਕਹਿਣ ਦਾ ਜਜ਼ਬਾ ਰੱਖਦੀ ਹੈ।

ਸਕੂਲ ਸਮੇਂ ਚ ਖੇਡਾਂ ਵਿਚ ਵੀ ਵਧੀਆ ਮੁਕਾਮ ਹਾਸਿਲ ਕੀਤੇ ਪਰ ਘਰਦੇ ਵੱਡਿਆ ਵੱਲੋ ਇਹ ਚੀਜ਼ ਮਨਜ਼ੂਰ ਨਾ ਹੋਣ ਕਰਕੇ ਸਭ ਕੁਝ ਛੱਡਣਾ ਪਿਆ।

ਚੰਗੇ ਘਰਾਣੇ ਦੀ ਧੀ ਹੋਣ ਕਾਰਨ ਸਬਰ ਸਾਦਗੀ ਅਤੇ ਇੱਜਤ ਨੂੰ ਪਹਿਲ ਦਿੰਦੀ ਹੈ।

ਕਵਿਤਾ,ਕਹਾਣੀ ਤੇ ਲੇਖ ਰਚਨਾਵਾਂ ਦੀ ਸਿਰਜਕ ਇਸ ਲੇਖਿਕਾ ਨੇ ਸਮਾਜਿਕ ਦਰਦ ਇਸ ਕਲਮ ਤੋਂ ਅੱਠ ਦਸ ਸਾਂਝੀਆਂ ਕਿਤਾਬਾਂ ਵੀ ਛੱਪ ਚੁਕੀਆਂ ਹਨ।

ਜਿਨ੍ਹਾਂ ਵਿੱਚ "ਕਲਮੀ ਸਾਂਝਾ", ਨਿੱਕੀ ਜਿਹੀ ਬਾਤ, ਪੁਲਾਂਘਾ, ਸੰਦਲੀ ਪੈੜਾ, ਤੂੰ ਹੀ ਤੂੰ, ਇਬਾਦਤ, ਕਲਮਾਂ ਦੀ ਸਾਂਝ, ਆਦਿ ਹੋਰ ਵੀ ਕਿਤਾਬਾਂ ਹਨ,

ਰਮਨਦੀਪ ਕੌਰ ਦਾ ਇੱਕ ਪੁੱਤਰ ਹੈ ਜਿਸਨੂੰ ਅਕਸਰ ਉਹ ਆਪਣੇ ਫੇਸਬੁੱਕ ਪੇਜ ਰਾਹੀਂ ਸਾਡੇ ਸਨਮੁੱਖ ਕਰਦੇ ਰਹਿੰਦੇ ਹਨ।

ਅਖੀਰ ਵਿੱਚ ਸਾਹਿਤ ਤੇ ਵਿਦਿਆ ਦੇ ਖੇਤਰ ਵਿੱਚ ਮੱਲਾਂ ਮਾਰਨ ਵਾਲੀ ਸ਼ਖ਼ਸੀਅਤ ਵੱਲੋ ਪਾਠਕਾਂ ਨੂੰ ਬਹੁਤ ਉਮੀਦਾ ਹਨ ਉਸਦੀ ਕਲਮ ਵੱਖ ਵੱਖ ਵਿਸ਼ਿਆਂ ਨੂੰ ਛੂਹੇ ਤੇ ਸੱਚ ਲਿਖਣ ਦੀ ਹਿੰਮਤ ਦਲੇਰੀ ਵਿਖਾਕੇ ਅੱਗੇ ਵੱਧਦੀ ਜਾਵੇ।

ਧੰਨਵਾਧ ਸਾਹਿਤ

ਗੁਰਚਰਨ ਸਿੰਘ ਧੰਜੂ
ਸੀਨੀਅਰ ਮੀਤ ਪ੍ਰਧਾਨ
ਸਾਹਿਤ ਸਭਾ ਪਾਤੜਾਂ

Cee7news ਪੰਜਾਬੀ ਗਾਇਕੀ ਦੇ ਖੇਤਰ ਵਿੱਚ ਆਪਣੀ ਵੱਖਰੀ ਪਛਾਣ ਬਣਾ ਰਹੇ ਗਾਇਕ ਜੰਟਾ ਗਿੱਲ ਦਾ ਨਵਾਂ ਲੋਕ ਤੱਥ ਗਾਣਾ 'ਦਾਜ ਦੀ ਕਾਰ' ਬੀਤੇ ਦਿਨੀਂ ਮਝੈਲ ਮਿਊਜ਼ਿਕ ਦੇ ਬੈਨਰ ਹੇਠ ਰਿਲੀਜ਼ ਕੀਤਾ ਗਿਆ।

# ਗਾਇਕ ਜੰਟਾ ਗਿੱਲ ਦਾ ਨਵਾਂ ਗਾਣਾ 'ਦਾਜ ਦੀ ਕਾਰ' ਲੋਕ ਅਰਪਣ ਮਝੈਲ ਮਿਊਜ਼ਿਕ ਵਲੋਂ ਕੀਤਾ ਗਿਆ ਰਿਲੀਜ਼

ਚੋਹਲਾ ਸਾਹਿਬ 17 ਮਈ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ)ਪੰਜਾਬੀ ਗਾਇਕੀ ਦੇ ਖੇਤਰ ਵਿੱਚ ਆਪਣੀ ਵੱਖਰੀ ਪਛਾਣ ਬਣਾ ਰਹੇ ਗਾਇਕ ਜੰਟਾ ਗਿੱਲ ਦਾ ਨਵਾਂ ਲੋਕ ਤੱਥ ਗਾਣਾ 'ਦਾਜ ਦੀ ਕਾਰ' ਬੀਤੇ ਦਿਨੀਂ ਮਝੈਲ ਮਿਊਜ਼ਿਕ ਦੇ ਬੈਨਰ ਹੇਠ ਰਿਲੀਜ਼ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮੈਨੇਜਰ ਸੇਖੋਂ ਕੇ. ਨੇ ਦੱਸਿਆ ਕਿ ਇਹ ਗਾਣਾ ਸਮਾਜਿਕ ਸਰੋਕਾਰਾਂ ਅਤੇ ਲੋਕ ਤੱਥਾਂ 'ਤੇ ਅਧਾਰਿਤ ਹੈ, ਜਿਸ ਵਿੱਚ ਜੰਟਾ ਗਿੱਲ ਨੇ ਆਪਣੀ ਦਮਦਾਰ ਆਵਾਜ਼ ਰਾਹੀਂ ਸਮਾਜ ਨੂੰ ਇੱਕ ਸਾਰਥਕ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਹੈ।

ਇਸ ਮੌਕੇ ਗੱਲਬਾਤ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਅੱਜ ਦੇ ਦੌਰ ਵਿੱਚ ਅਜਿਹੇ ਗਾਣਿਆਂ ਦੀ ਬਹੁਤ ਲੋੜ ਹੈ ਜੋ ਸਾਡੇ ਸਭਿਆਚਾਰ ਅਤੇ ਸਮਾਜਿਕ ਬੁਰਾਈਆਂ 'ਤੇ ਚੋਟ ਕਰਦੇ ਹੋਣ। ਗਾਣੇ ਦੇ ਵੀਡੀਓ ਰਾਹੀਂ ਵੀ ਕਈ ਅਹਿਮ ਗੱਲਾਂ ਬਾਖੂਬੀ ਪੇਸ਼ ਕੀਤੀਆਂ ਗਈਆਂ ਹਨ।ਪਤਵੰਤੇ ਸੱਜਣਾਂ ਦੀ ਰਹੀ ਹਾਜ਼ਰੀ

ਗਾਣਾ ਰਿਲੀਜ਼ ਕਰਨ ਦੀ ਰਸਮ ਮੌਕੇ ਸੰਗੀਤ ਅਤੇ ਕਲਾ ਜਗਤ ਨਾਲ ਜੁੜੀਆਂ ਕਈ ਪ੍ਰਮੁੱਖ ਸ਼ਖਸੀਅਤਾਂ ਨੇ ਸ਼ਿਰਕਤ ਕੀਤੀ, ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਸ਼ਾਮਲ ਸਨ: ਭਿੰਦੇ ਸ਼ਾਹ ਰਾਜੋਵਾਲੀਆ,ਮਿਊਜ਼ਿਕ ਡਾਇਰੈਕਟਰ: ਕੁਲਵਿੰਦਰ ਕੰਵਲ ਅਤੇ ਦਵਿੰਦਰ ਸਿੰਘ ਸੰਧੂ,ਵੀਡੀਓ ਡਾਇਰੈਕਟਰ: ਅਮਰਜੀਤ ਖੁਰਾਣਾ, ਪੰਜਾਬੀ ਲੋਕ ਗਾਇਕ: ਲੱਕੀ ਚੋਹਲਾ ,ਗੀਤਕਾਰ: ਮਿੰਦਾ ਭਾਰੇਵਾਲਾ ।ਇਸ ਮੌਕੇ ਹਾਜ਼ਰ ਸਾਰੀਆਂ ਸ਼ਖਸੀਅਤਾਂ ਨੇ ਜੰਟਾ ਗਿੱਲ ਦੀ ਗਾਇਕੀ ਦੀ ਸ਼ਲਾਘਾ ਕੀਤੀ ਅਤੇ ਉਮੀਦ ਜਤਾਈ ਕਿ ਸਰੋਤੇ ਇਸ ਲੋਕ ਤੱਥ ਗਾਣੇ ਨੂੰ ਭਰਵਾਂ ਹੁੰਗਾਰਾ ਦੇਣਗੇ। ਮੈਨੇਜਰ ਸੇਖੋਂ ਕੇ. ਨੇ ਅਖੀਰ ਵਿੱਚ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਮਝੈਲ ਮਿਊਜ਼ਿਕ ਆਉਣ ਵਾਲੇ ਸਮੇਂ ਵਿੱਚ ਵੀ ਚੰਗਾ ਅਤੇ ਮਿਆਰੀ ਸੰਗੀਤ ਸਰੋਤਿਆਂ ਦੀ ਕਚਹਿਰੀ ਵਿੱਚ ਪੇਸ਼ ਕਰਦਾ ਰਹੇਗਾ।ਪੰਜਾਬੀ ਗਾਇਕੀ ਦੇ ਖੇਤਰ ਵਿੱਚ ਆਪਣੀ ਵੱਖਰੀ ਪਛਾਣ ਬਣਾ ਰਹੇ ਗਾਇਕ ਜੰਟਾ ਗਿੱਲ ਦਾ ਨਵਾਂ ਲੋਕ ਤੱਥ ਗਾਣਾ 'ਦਾਜ ਦੀ ਕਾਰ' ਬੀਤੇ ਦਿਨੀਂ ਮਝੈਲ ਮਿਊਜ਼ਿਕ ਦੇ ਬੈਨਰ ਹੇਠ ਰਿਲੀਜ਼ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮੈਨੇਜਰ ਸੇਖੋਂ ਕੇ. ਨੇ ਦੱਸਿਆ ਕਿ ਇਹ ਗਾਣਾ ਸਮਾਜਿਕ ਸਰੋਕਾਰਾਂ ਅਤੇ ਲੋਕ ਤੱਥਾਂ 'ਤੇ ਅਧਾਰਿਤ ਹੈ, ਜਿਸ ਵਿੱਚ ਜੰਟਾ ਗਿੱਲ ਨੇ ਆਪਣੀ ਦਮਦਾਰ ਆਵਾਜ਼ ਰਾਹੀਂ ਸਮਾਜ ਨੂੰ ਇੱਕ ਸਾਰਥਕ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਹੈ।
ਇਸ ਮੌਕੇ ਗੱਲਬਾਤ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਅੱਜ ਦੇ ਦੌਰ ਵਿੱਚ ਅਜਿਹੇ ਗਾਣਿਆਂ ਦੀ ਬਹੁਤ ਲੋੜ ਹੈ ਜੋ ਸਾਡੇ ਸਭਿਆਚਾਰ ਅਤੇ ਸਮਾਜਿਕ ਬੁਰਾਈਆਂ 'ਤੇ ਚੋਟ ਕਰਦੇ ਹੋਣ। ਗਾਣੇ ਦੇ ਵੀਡੀਓ ਰਾਹੀਂ ਵੀ ਕਈ ਅਹਿਮ ਗੱਲਾਂ ਬਾਖੂਬੀ ਪੇਸ਼ ਕੀਤੀਆਂ ਗਈਆਂ ਹਨ।ਪਤਵੰਤੇ ਸੱਜਣਾਂ ਦੀ ਰਹੀ ਹਾਜ਼ਰੀ ਗਾਣਾ ਰਿਲੀਜ਼ ਕਰਨ ਦੀ ਰਸਮ ਮੌਕੇ ਸੰਗੀਤ ਅਤੇ ਕਲਾ ਜਗਤ ਨਾਲ ਜੁੜੀਆਂ ਕਈ ਪ੍ਰਮੁੱਖ ਸ਼ਖਸੀਅਤਾਂ ਨੇ ਸ਼ਿਰਕਤ ਕੀਤੀ, ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਸ਼ਾਮਲ ਸਨ: ਭਿੰਦੇ ਸ਼ਾਹ ਰਾਜੋਵਾਲੀਆ,ਮਿਊਜ਼ਿਕ ਡਾਇਰੈਕਟਰ: ਕੁਲਵਿੰਦਰ ਕੰਵਲ ਅਤੇ ਦਵਿੰਦਰ ਸਿੰਘ ਸੰਧੂ,ਵੀਡੀਓ ਡਾਇਰੈਕਟਰ: ਅਮਰਜੀਤ ਖੁਰਾਣਾ, ਪੰਜਾਬੀ ਲੋਕ ਗਾਇਕ: ਲੱਕੀ ਚੋਹਲਾ ,ਗੀਤਕਾਰ: ਮਿੰਦਾ ਭਾਰੇਵਾਲਾ ।
ਇਸ ਮੌਕੇ ਹਾਜ਼ਰ ਸਾਰੀਆਂ ਸ਼ਖਸੀਅਤਾਂ ਨੇ ਜੰਟਾ ਗਿੱਲ ਦੀ ਗਾਇਕੀ ਦੀ ਸ਼ਲਾਘਾ ਕੀਤੀ ਅਤੇ ਉਮੀਦ ਜਤਾਈ ਕਿ ਸਰੋਤੇ ਇਸ ਲੋਕ ਤੱਥ ਗਾਣੇ ਨੂੰ ਭਰਵਾਂ ਹੁੰਗਾਰਾ ਦੇਣਗੇ। ਮੈਨੇਜਰ ਸੇਖੋਂ ਕੇ. ਨੇ ਅਖੀਰ ਵਿੱਚ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਮਝੈਲ ਮਿਊਜ਼ਿਕ ਆਉਣ ਵਾਲੇ ਸਮੇਂ ਵਿੱਚ ਵੀ ਚੰਗਾ ਅਤੇ ਮਿਆਰੀ ਸੰਗੀਤ ਸਰੋਤਿਆਂ ਦੀ ਕਚਹਿਰੀ ਵਿੱਚ ਪੇਸ਼ ਕਰਦਾ ਰਹੇਗਾ। ਪੰਜਾਬੀ ਗਾਇਕੀ ਦੇ ਖੇਤਰ ਵਿੱਚ ਆਪਣੀ ਵੱਖਰੀ ਪਛਾਣ ਬਣਾ ਰਹੇ ਗਾਇਕ ਜੰਟਾ ਗਿੱਲ ਦਾ ਨਵਾਂ ਲੋਕ ਤੱਥ




ਗਾਣਾ 'ਦਾਜ ਦੀ ਕਾਰ' ਬੀਤੇ ਦਿਨੀਂ ਮਝੈਲ ਮਿਊਜ਼ਿਕ ਦੇ ਬੈਨਰ ਹੇਠ ਰਿਲੀਜ਼ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮੈਨੇਜਰ ਸੇਖੋਂ ਕੇ. ਨੇ ਦੱਸਿਆ ਕਿ ਇਹ ਗਾਣਾ ਸਮਾਜਿਕ ਸਰੋਕਾਰਾਂ ਅਤੇ ਲੋਕ ਤੱਥਾਂ 'ਤੇ ਅਧਾਰਿਤ ਹੈ, ਜਿਸ ਵਿੱਚ ਜੰਟਾ ਗਿੱਲ ਨੇ ਆਪਣੀ ਦਮਦਾਰ ਆਵਾਜ਼ ਰਾਹੀਂ ਸਮਾਜ ਨੂੰ ਇੱਕ ਸਾਰਥਕ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਹੈ।ਇਸ ਮੌਕੇ ਗੱਲਬਾਤ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਅੱਜ ਦੇ ਦੌਰ ਵਿੱਚ ਅਜਿਹੇ ਗਾਣਿਆਂ ਦੀ ਬਹੁਤ ਲੋੜ ਹੈ ਜੋ ਸਾਡੇ ਸਭਿਆਚਾਰ ਅਤੇ ਸਮਾਜਿਕ ਬੁਰਾਈਆਂ 'ਤੇ ਚੋਟ ਕਰਦੇ ਹੋਣ। ਗਾਣੇ ਦੇ ਵੀਡੀਓ ਰਾਹੀਂ ਵੀ ਕਈ ਅਹਿਮ ਗੱਲਾਂ ਬਾਖੂਬੀ ਪੇਸ਼ ਕੀਤੀਆਂ ਗਈਆਂ ਹਨ।ਪਤਵੰਤੇ ਸੱਜਣਾਂ ਦੀ ਰਹੀ ਹਾਜ਼ਰੀ ਗਾਣਾ ਰਿਲੀਜ਼ ਕਰਨ ਦੀ ਰਸਮ ਮੌਕੇ ਸੰਗੀਤ ਅਤੇ ਕਲਾ ਜਗਤ ਨਾਲ ਜੁੜੀਆਂ ਕਈ ਪ੍ਰਮੁੱਖ ਸ਼ਖਸੀਅਤਾਂ ਨੇ ਸ਼ਿਰਕਤ ਕੀਤੀ, ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਸ਼ਾਮਲ ਸਨ: ਭਿੰਦੇ ਸ਼ਾਹ ਰਾਜੋਵਾਲੀਆ,ਮਿਊਜ਼ਿਕ ਡਾਇਰੈਕਟਰ: ਕੁਲਵਿੰਦਰ ਕੰਵਲ ਅਤੇ ਦਵਿੰਦਰ ਸਿੰਘ ਸੰਧੂ,ਵੀਡੀਓ ਡਾਇਰੈਕਟਰ: ਅਮਰਜੀਤ ਖੁਰਾਣਾ, ਪੰਜਾਬੀ ਲੋਕ ਗਾਇਕ: ਲੱਕੀ ਚੋਹਲਾ ,ਗੀਤਕਾਰ: ਮਿੰਦਾ ਭਾਰੇਵਾਲਾ । ਮੈਨੇਜਰ ਸੇਖੋਂ ਕੇ. ਨੇ ਅਖੀਰ ਵਿੱਚ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਮਝੈਲ ਮਿਊਜ਼ਿਕ ਆਉਣ ਵਾਲੇ ਸਮੇਂ ਵਿੱਚ ਵੀ ਚੰਗਾ ਅਤੇ ਮਿਆਰੀ ਸੰਗੀਤ ਸਰੋਤਿਆਂ ਦੀ ਕਚਹਿਰੀ ਵਿੱਚ ਪੇਸ਼ ਕਰਦਾ ਰਹੇਗਾ।

# ਕਿਸਾਨ ਸਭਾ ਨੇ ਸਾੜਿਆ ਬੀਜੇਪੀ ਦਾ ਪੁਤਲਾ



## ਬੀਜੇਪੀ ਸਰਕਾਰ ਤਾਨਾਸ਼ਾਹੀ ਕਰ ਰਹੀ ਹੈ - ਸੁਖਦੇਵ ਮਾਨੋਚਾਹਲ |

ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨ ਤਾਰਨ, 16 ਮਈ

ਤਰਨ ਤਾਰਨ ਨੇੜਲੇ ਪਿੰਡ ਮਾਨੋਚਾਹਲ ਵਿਖੇ ਕੁੱਲ ਹਿੰਦ ਕਿਸਾਨ ਸਭਾ ਦੇ ਵਰਕਰਾਂ ਨੇ ਜੋਗਾ ਸਿੰਘ ਤੇ ਗੁਰਭੇਜ ਸਿੰਘ ਦੀ ਅਗਵਾਈ ਵਿੱਚ ਇਕੱਠੇ ਹੋ ਕੇ ਗਵਰਨਰ ਪੰਜਾਬ ਅਤੇ ਕੇਂਦਰ ਬੀਜੇਪੀ ਸਰਕਾਰ ਦਾ ਪੁਤਲਾ ਫੂਕਿਆ । ਯਾਦ ਰਹੇ ਕਿ ਕੱਲ ਚੰਡੀਗੜ੍ਹ ਵਿੱਚ ਕਿਸਾਨ ਮਾਰਚ ਤੇ ਕੀਤੇ ਤਸ਼ੱਦਦ ਦੇ ਵਿਰੋਧ ਵਿੱਚ ਅੱਜ ਸੰਯੁਕਤ ਕਿਸਾਨ ਮੋਰਚਾ ਵੱਲੋਂ ਥਾਂ-ਥਾਂ ਤੇ ਪੁਤਲੇ ਫੂਕੇ ਜਾਣੇ ਹਨ। ਇਸੇ ਲੜੀ ਤਹਿਤ ਕੁੱਲ ਹਿੰਦ ਕਿਸਾਨ ਸਭਾ ਦੇ ਵਰਕਰਾਂ ਵੱਲੋਂ ਪੁਤਲਾ ਫੂਕਣ ਸਮੇਂ ਕਿਸਾਨ ਆਗੂ ਸੁਖਦੇਵ ਸਿੰਘ ਮਾਨੋਚਾਲ ਨੇ ਕਿਹਾ ਕਿ ਕੇਂਦਰ ਦੀ ਮੌਜੂਦਾ ਸਰਕਾਰ ਪੰਜਾਬ ਦੇ ਹੱਕਾਂ ਤੇ ਲਗਾਤਾਰ ਡਾਕਾ ਮਾਰ ਰਹੀ ਹੈ। ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿੱਚੋਂ ਪੰਜਾਬ ਦੀ ਪੱਕੀ ਨੁਮਾਇੰਦਗੀ ਖਤਮ ਕਰ ਦਿੱਤੀ ਗਈ ਹੈ। ਪੰਜਾਬ ਦੇ ਪਾਣੀਆਂ ਨੂੰ ਖੋਹਣ ਦੀਆਂ ਕੋਸ਼ਿਸ਼ਾਂ ਲਗਾਤਾਰ ਜਾਰੀ ਹਨ। ਪੰਜਾਬ ਯੂਨੀਵਰਸਿਟੀ ਨੂੰ ਵੀ ਖੋਹਿਆ ਜਾ ਰਿਹਾ ਹੈ । ਪੰਜਾਬੀ ਬੋਲੀ ਨਾਲ ਚੰਡੀਗੜ੍ਹ ਤੇ ਹੋਰ ਗੁਆਂਢੀ ਰਾਜਾਂ ਵਿੱਚ ਧੱਕਾ ਕੀਤਾ ਜਾ ਰਿਹਾ ਹੈ । ਪੰਜਾਬ ਦੇ ਸੈਨਿਕ ਸਕੂਲਾਂ ਵਿੱਚ ਪੰਜਾਬੀ ਨੂੰ ਮਤਰੇਈ ਕਰ ਦਿੱਤਾ ਗਿਆ ਹੈ।ਇਸ ਤੋਂ ਬਿਨਾਂ ਕੇਂਦਰ ਸਰਕਾਰ ਲੋਕਾਂ ਨੂੰ ਧਰਮ ਦੇ ਨਾਂ ਤੇ ਪਾੜ ਕੇ ਕਾਰਪੋਰੇਟ ਘਰਾਣਿਆਂ ਦਾ ਪੱਖ ਪੂਰ ਰਹੀ ਹੈ। ਮਜ਼ਦੂਰਾਂ ਕਿਸਾਨਾਂ ਤੇ ਮਿਹਨਤਕਸ਼ ਲੋਕਾਂ ਦੀ ਲੁੱਟ ਲਗਾਤਾਰ ਵੱਧ ਰਹੀ ਹੈ। ਡੀਜ਼ਲ ਪੈਟਰੋਲ ਤੇ ਗੈਸ ਦੀਆਂ ਕੀਮਤਾਂ ਵਧਣ ਨਾਲ ਆਮ ਲੋਕਾਂ ਦਾ ਜਿਉਣਾ ਦੁੱਭਰ ਹੋ ਰਿਹਾ ਹੈ। ਇਸ ਮੌਕੇ ਉਹਨਾਂ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੀ ਲਗਭਗ ਕੇਂਦਰ ਸਰਕਾਰ ਦੀਆਂ ਲੀਹਾਂ ਤੇ ਕੰਮ ਕਰ ਰਹੀ ਹੈ। ਉਹ ਵੀ ਗੱਲੀ ਬਾਤੀ ਢੋਲ ਜਿਆਦੇ ਵਜਾ ਰਹੀ ਹੈ ਤੇ ਹਕੀਕਤ ਵਿੱਚ ਲੋਕਾਂ ਦੇ ਪੱਲੇ ਕੁਝ ਨਹੀਂ ਪੈ ਰਿਹਾ । ਬੇਰੁਜ਼ਗਾਰੀ ਅਤੇ ਮਹਿੰਗਾਈ ਨੇ ਲੋਕਾਂ ਦਾ ਜੀਣਾ ਮੁਹਾਲ ਕੀਤਾ ਹੋਇਆ ਹੈ। ਇਸ ਮੌਕੇ ਰਾਮ ਸਿੰਘ ਹਰਜੀਤ ਸਿੰਘ ਤੇ ਸੁਖਵੰਤ ਸਿੰਘ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।

# ਕੰਮਿਉਨਿਟੀ ਹੈੱਲਥ ਸੈਂਟਰ ਸਰਹਾਲੀ ਵਿਖੇ ਡੇਂਗੂ ਸਬੰਧੀ ਜਾਗਰੂਕਤਾ ਕੈਂਪ ਲਗਾਇਆ ਗਿਆ।




## ਡੇਂਗੂ ਤੋਂ ਬਚਾਅ ਲਈ ਆਪਣਾ ਆਲਾ—ਦੁਆਲਾ ਸਾਫ ਸੁਥਰਾ ਰੱਖੋ : ਡਾਕਟਰ ਗਿੱਲ |

ਚੋਹਲਾ ਸਾਹਿਬ 17 ਮਈ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ)
ਸਿਵਲ ਸਰਜਨ ਤਰਨ ਤਾਰਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਅਤੇ ਜਿਲ੍ਹਾ ਮਲੇਰੀਆ ਅਫਸਰ ਡਾਕਟਰ ਰਾਘਵ ਗੁਪਤਾ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਡਾਕਟਰ ਜਤਿੰਦਰ ਸਿੰਘ ਗਿੱਲ ਸੀਨੀਅਰ ਮੈਡੀਕਲ ਅਫਸਰ ਇੰਚਾਰਜ ਸੀ ਐਚ ਸੀ ਸਰਹਾਲੀ ਦੀ ਯੋਗ ਅਗਵਾਈ ਹੇਠ ਸੀਐਚਸੀ ਸਰਹਾਲੀ ਕਲਾਂ ਵਿਖੇ ਡੇਂਗੂ ਜਾਗਰੂਕਤਾ ਸਬੰਧੀ ਕੈਂਪ ਲਗਾਇਆ ਗਿਆ ਹੈ।ਇਸ ਸਮੇਂ ਜਾਣਕਾਰੀ ਦਿੰਦੇ ਹੋਏ ਸੀਨੀਅਰ ਮੈਡੀਕਲ ਅਫਸਰ ਡਾਕਟਰ ਜਤਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਸਾਨੂੰ ਆਪਣੇ ਕੋਠੇ ਤੇ ਪਏ ਟੁੱਟੇ ਗਮਲਿਆਂ ਅਤੇ ਟਾਇਰਾਂ ਵਿੱਚ ਪਾਣੀ ਇੱਕਠਾ ਨਹੀਂ ਹੋਣ ਦੇਣਾ ਚਾਹੀਦਾ ਅਤੇ ਕੂਲਰਾਂ ਦੀ ਹਫਤੇ ਵਿੱਚ ਇੱਕ ਵਾਰ ਸਫਾਈ ਕਰਨੀ ਚਾਹੀਦੀ ਹੈ ਤਾਂ ਜੋ ਡੇਂਗੂ ਵਰਗੀ ਬਿਮਾਰੀ ਨਾ ਫੈਲ ਸਕੇ।ਇਸ ਸਮੇਂ ਐਸ ਆਈ ਬਿਕਰਮਜੀਤ ਸਿੰਘ ਅਤੇ ਐਸ ਆਈ ਜ਼ਸਪ੍ਰੀਤ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਾਨੂੰ ਰਾਤ ਸੌਣ ਸਮੇਂ ਪੂਰਾ ਤਨ ਢੱਕਣ ਵਾਲੇ ਕਪੜੇ ਪਾਉਣੇ ਚਾਹੀਦੇ ਹਨ ਅਤੇ ਮੱਛਰ ਭਜਾਉਣ ਵਾਲੀਆਂ ਕਰੀਮਾਂ ਅਤੇ ਤੇਲਾਂ ਦੀ ਵਰਤੋਂ ਕਰਨੀ ਚਾਹੀਦੀ ਹੈ ਤਾਂ ਜੋ ਡੇਂਗੂ ਤੋਂ ਬਚਾਅ ਹੋ ਸਕੇ।ਉਹਨਾਂ ਕਿਹਾ ਕਿ ਜੇਕਰ ਤੁਹਾਨੂੰ ਤੇਜ਼ ਸਿਰ ਦਰਦ ਜਾਂ ਤੇਜ਼ ਬੁਖਾਰ ਹੈ ਤਾਂ ਤੁਰੰਤ ਨਜਦੀਕੀ ਸਿਹਤ ਕੇਂਦਰ ਵਿੱਚ ਜਾਕੇ ਆਪਣੀ ਤੁਰੰਤ ਜਾਂਚ ਕਰਵਾਓ ਤਾਂ ਜੋ ਸਮੇਂ ਸਿਰ ਇਲਾਜ ਕੀਤਾ ਜਾ ਸਕੇ।ਇਸ ਸਮੇਂ ਡਾਕਟਰ ਕਵਰਪੁਨੀਤ ਸਿੰਘ,ਅਪਥਾਲਮਿਕ ਅਫਸਰ ਜ਼ਸਵਿੰਦਰ ਸਿੰਘ,ਜਤਿੰਦਰ ਕੌਰ ਐਲ ਟੀ,ਜ਼ਸਵਿੰਦਰ ਕੌਰ,ਗੁਰਪਵਿੱਤਰ ਸਿੰਘ,ਤੇਜਿੰਦਰ ਸਿੰਘ,ਬਲਜੀਤ ਸਿੰਘ ਆਦਿ ਹਾਜਰ ਸਨ।

# ਤਰਨ ਤਾਰਨ ਦੇ ਤਹਿਸੀਲ ਅਧਿਕਾਰੀਆਂ ਵੱਲੋਂ ਮਰਦਮਸ਼ੁਮਾਰੀ ਲੱਗੇ ਚਹੇਤੇ ਕਰਮਚਾਰੀਆਂ ਦੀਆਂ ਕੱਟੀਆਂ ਜਾ ਰਹੀਆਂ ਡਿਊਟੀਆਂ





ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨ ਤਾਰਨ 17 ਮਈ

ਪੰਜਾਬ ਵਿਚ ਮਰਦਮਸ਼ੁਮਾਰੀ ਦਾ ਕੰਮ ਚੱਲ ਰਿਹਾ ਹੈ ਇਸ ਵਿਚ ਬਹੁਤ ਸਾਰੇ ਅਧਿਆਪਕ ਕਰਮਚਾਰੀਆਂ ਦੀਆਂ ਡਿਊਟੀਆਂ ਵੱਡੀ ਪੱਧਰ ਤੇ ਲਗਾਈਆਂ ਗਈਆਂ ਹਨ। ਇਹਨਾਂ ਕਰਮਚਾਰੀਆਂ ਵਿਚ ਸੁਪਰਵਾਈਜ਼ਰ ਤੇ ਗਿਣਤੀਕਾਰ ਆਉਂਦੇ ਹਨ। ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਪੰਜਾਬ ਸੁਬਾਰਡੀਨੇਟ ਸਰਸਵਿਜ ਫੈਡਰੇਸ਼ਨ ਜਿਲ੍ਹਾ ਤਰਨ ਤਾਰਨ ਦੇ ਪ੍ਰਧਾਨ ਕਾਰਜ ਸਿੰਘ ਕੈਰੋਂ, ਸੀਨੀਅਰ ਮੀਤ ਪ੍ਰਧਾਨ ਅੰਮ੍ਰਿਤਪਾਲ ਬਾਕੀਪੁਰ, ਗੁਰਪ੍ਰੀਤ ਮਾੜੀਮੇਘਾ, ਬਲਜੀਤ ਟੌਮ, ਨਰਿੰਦਰ ਨੂਰ ਨੇ ਦੱਸਿਆ ਕਿ 13 ਮਈ ਤੱਕ ਗਿਣਤੀਕਾਰਾਂ ਤੇ ਸੁਪਰਵਾਈਜ਼ਰ ਨੇ ਆਪਣਾ ਸਬੰਧਿਤ ਸਮਾਨ ਲੈ ਕੇ ਆਪੋ ਆਪਣੇ ਖੇਤਰਾਂ ਚੋ ਜਾ ਕੇ ਸਮਾਨ ਵੰਡ ਕਰਕੇ ਕੰਮ ਸ਼ੁਰੂ ਕਰ ਦਿੱਤਾ ਤੇ ਪਿੰਡਾਂ ਦੇ ਨਕਸ਼ੇ ਆਦਿ ਵੀ ਬਣਾ ਲਏ ਹਨ। ਪਰ ਹੁਣ ਤਹਿਸੀਲ ਅਧਿਕਾਰੀਆਂ ਵੱਲੋਂ ਕੁਝ ਆਪਣੇ ਚਹੇਤਿਆਂ ਦੀ ਮਰਦਮਸ਼ੁਮਾਰੀ ਲੱਗੀਆਂ ਡਿਊਟੀਆਂ ਕੱਟ ਦਿੱਤੀਆਂ ਗਈਆਂ ਹਨ ਤੇ ਪਹਿਲਾਂ ਤੋਂ ਕੰਮ ਕਰ ਰਹੇ ਕਰਮਚਾਰੀਆਂ ਦੇ ਸਟੇਸ਼ਨ ਜਾਂ ਤਾਂ ਵਧਾਏ ਜਾ ਰਹੇ ਹਨ ਜਾਂ ਤਬਦੀਲ ਕੀਤੇ ਜਾ ਰਹੇ ਹਨ, ਜਿਸ ਕਰਕੇ ਉਹਨਾਂ ਦੀ ਖੱਜਲ ਖੁਆਰੀ ਹੋ ਰਹੀ ਹੈ ਅਤੇ ਜੇਕਰ ਕੋਈ ਕਰਮਚਾਰੀ ਇਸ ਸਬੰਧੀ ਅਧਿਕਾਰੀਆਂ ਨਾਲ ਗੱਲ ਕਰਦਾ ਤਾਂ ਉਸ ਨੂੰ ਧਮਕੀ ਦਿੱਤੀ ਜਾਂਦੀ ਕਿ ਤੈਨੂੰ ਨੋਟਿਸ ਕੱਢ ਕੇ ਸਸਪੈਡ ਕੀਤਾ ਜਾਵੇਗਾ। ਪੰਜਾਬ ਸੁਬਾਰਡੀਨੇਟ ਸਰਸਵਿਜ ਫੈਡਰੇਸ਼ਨ ਅਧਿਕਾਰੀਆਂ ਇਸ ਗੈਰਜੁੰਮੇਵਰਾਨਾ ਕੰਮ ਦੀ ਕਰੜੇ ਸ਼ਬਦਾਂ ਚੋ ਨਿੰਦਾ ਕਰਦੀ ਹੈ ਤੇ ਇਸ ਸਬੰਧੀ ਇਹ ਮਸਲਾ ਉੱਚ ਅਧਿਕਾਰੀਆਂ ਦੇ ਧਿਆਨ ਵਿਚ ਲਿਆਂਦਾ ਜਾਵੇਗਾ ਤਾਂ ਕਿ ਇਮਾਨਦਾਰੀ ਨਾਲ ਡਿਊਟੀ ਦੇ ਰਹੇ ਕਰਮਚਾਰੀਆਂ ਨੂੰ ਖੱਜਲ ਖੁਆਰੀ ਤੋ ਬਚਾਇਆ ਜਾ ਸਕੇ। ਪੰਜਾਬ ਵਿਚ ਮਰਦਮਸ਼ੁਮਾਰੀ ਦਾ ਕੰਮ ਚੱਲ ਰਿਹਾ ਹੈ ਇਸ ਵਿਚ ਬਹੁਤ ਸਾਰੇ ਅਧਿਆਪਕ ਕਰਮਚਾਰੀਆਂ ਦੀਆਂ ਡਿਊਟੀਆਂ ਵੱਡੀ ਪੱਧਰ ਤੇ ਲਗਾਈਆਂ ਗਈਆਂ ਹਨ। ਇਹਨਾਂ ਕਰਮਚਾਰੀਆਂ ਵਿਚ ਸੁਪਰਵਾਈਜ਼ਰ ਤੇ ਗਿਣਤੀਕਾਰ ਆਉਂਦੇ ਹਨ। ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਪੰਜਾਬ ਸੁਬਾਰਡੀਨੇਟ ਸਰਸਵਿਜ ਫੈਡਰੇਸ਼ਨ ਜਿਲ੍ਹਾ ਤਰਨ ਤਾਰਨ ਦੇ ਪ੍ਰਧਾਨ ਕਾਰਜ ਸਿੰਘ ਕੈਰੋਂ, ਸੀਨੀਅਰ ਮੀਤ ਪ੍ਰਧਾਨ ਅੰਮ੍ਰਿਤਪਾਲ ਬਾਕੀਪੁਰ, ਗੁਰਪ੍ਰੀਤ ਮਾੜੀਮੇਘਾ, ਬਲਜੀਤ ਟੌਮ, ਨਰਿੰਦਰ ਨੂਰ ਨੇ ਦੱਸਿਆ ਕਿ 13 ਮਈ ਤੱਕ ਗਿਣਤੀਕਾਰਾਂ ਤੇ ਸੁਪਰਵਾਈਜ਼ਰ ਨੇ ਆਪਣਾ ਸਬੰਧਿਤ ਸਮਾਨ ਲੈ ਕੇ ਆਪੋ ਆਪਣੇ ਖੇਤਰਾਂ ਚੋ ਜਾ ਕੇ ਸਮਾਨ ਵੰਡ ਕਰਕੇ ਕੰਮ ਸ਼ੁਰੂ ਕਰ ਦਿੱਤਾ ਤੇ ਪਿੰਡਾਂ ਦੇ ਨਕਸ਼ੇ ਆਦਿ ਵੀ ਬਣਾ ਲਏ ਹਨ।,

# ਖੰਡ ਮਿੱਲ ਸ਼ੇਰੋਂ ਦੀ ਮਾਲਕੀ ਬਦਲਨ ਖ਼ਿਲਾਫ਼ ਕਿਸਾਨਾਂ ਦਾ ਬਿਗੁਲ, 21 ਮਈ ਨੂੰ ਪੱਕੇ ਮੋਰਚੇ ਲਈ ਵੱਡੇ ਇਕੱਠ ਦਾ ਐਲਾਨ



## ਸ਼ੇਰੋਂ ਖੰਡ ਮਿੱਲ 'ਤੇ ਨਜਾਇਜ਼ ਉਸਾਰੀ ਬੰਦ ਨਾ ਹੋਈ ਤਾਂ ਤਿੱਖੇ ਸੰਘਰਸ਼ ਦੀ ਚੇਤਾਵਨੀ - ਸੰਯੁਕਤ ਕਿਸਾਨ ਮੋਰਚਾ |

ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨ ਤਾਰਨ, 17 ਮਈ

ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਤਰਨ ਤਾਰਨ ਨਾਲ ਸੰਬੰਧਿਤ ਕਿਸਾਨ ਜਥੇਬੰਦੀਆਂ ਵੱਲੋਂ ਸਹਿਕਾਰੀ ਖੰਡ ਮਿੱਲ ਸ਼ੇਰੋਂ ਦੀ ਮਾਲਕੀ ਬਦਲਣ ਵਿਰੁੱਧ ਚੱਲ ਰਹੇ ਸੰਘਰਸ਼ ਦੇ ਤਹਿਤ ਬਾਬਾ ਸਿਧਾਣਾ ਗੁਰਦੁਆਰਾ ਸਾਹਿਬ ਸ਼ੇਰੋਂ ਵਿਖੇ ਇੱਕ ਅਹਿਮ ਮੀਟਿੰਗ ਸਾਬਕਾ ਫੌਜੀ ਅਮਰੀਕ ਸਿੰਘ ਦੀ ਪ੍ਰਧਾਨਗੀ ਹੇਠ ਹੋਈ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂ ਮਨਜੀਤ ਸਿੰਘ ਬੱਗੂ, ਤਰਸੇਮ ਸਿੰਘ ਲੁਹਾਰ, ਮੇਹਰ ਸਿੰਘ ਸਖੀਰਾ, ਭੁਪਿੰਦਰ ਸਿੰਘ ਪੰਡੋਰੀ ਤਖਤ ਮਲ, ਜੱਸਾ ਸਿੰਘ ਕੱਦਗਿੱਲ ਅਤੇ ਨਛੱਤਰ ਸਿੰਘ ਪੰਨੂੰ ਨੇ ਕਿਹਾ ਕਿ ਖੰਡ ਮਿੱਲ ਕਿਸਾਨਾਂ ਦੇ ਸ਼ੇਅਰਾਂ ਨਾਲ ਬਣੀ ਹੋਈ ਸੰਪਤੀ ਹੈ ਅਤੇ ਸਰਕਾਰ ਜਾਂ ਪ੍ਰਸ਼ਾਸਨ ਨੂੰ ਇਸ ਦੀ ਮਾਲਕੀ ਬਦਲਣ ਦਾ ਕੋਈ ਕਾਨੂੰਨੀ ਹੱਕ ਨਹੀਂ। ਆਗੂਆਂ ਨੇ ਦੱਸਿਆ ਕਿ ਸੰਯੁਕਤ ਕਿਸਾਨ ਮੋਰਚਾ ਨਾਲ ਜੁੜੀਆਂ ਜਥੇਬੰਦੀਆਂ ਲੰਮੇ ਸਮੇਂ ਤੋਂ ਮਿੱਲ ਨੂੰ ਮੁੜ ਚਾਲੂ ਕਰਵਾਉਣ ਲਈ ਸੰਘਰਸ਼ ਕਰ ਰਹੀਆਂ ਹਨ।

ਉਨ੍ਹਾਂ ਕਿਹਾ ਕਿ ਪਿਛਲੇ ਦਿਨਾਂ ਦੌਰਾਨ ਮੋਰਚੇ ਵਿੱਚੋਂ ਕਿਸਾਨਾਂ ਨੂੰ ਜਬਰਦਸਤੀ ਚੁੱਕ ਕੇ ਜੇਲ੍ਹਾਂ ਵਿੱਚ ਭੇਜਿਆ ਗਿਆ ਸੀ, ਪਰ ਜਥੇਬੰਦਕ ਦਬਾਅ ਕਾਰਨ ਕਿਸਾਨ ਆਗੂਆਂ ਦੀ ਰਿਹਾਈ ਹੋਈ। ਕਿਸਾਨ ਆਗੂਆਂ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਮਿੱਲ ਦੀ ਜ਼ਮੀਨ 'ਤੇ ਹੋ ਰਹੀ ਨਜਾਇਜ਼ ਉਸਾਰੀ ਤੁਰੰਤ ਰੋਕੀ ਜਾਵੇ, ਨਹੀਂ ਤਾਂ ਤਰਨ ਤਾਰਨ ਜ਼ਿਲ੍ਹੇ ਦੇ ਕਿਸਾਨ ਤਿੱਖਾ ਐਕਸ਼ਨ ਕਰਨ ਲਈ ਮਜਬੂਰ ਹੋਣਗੇ।

ਮੀਟਿੰਗ ਦੌਰਾਨ ਪਿੰਡ ਨਿਵਾਸੀਆਂ ਨੇ ਐਲਾਨ ਕੀਤਾ ਕਿ ਜਿੰਨਾ ਸਮਾਂ ਪੱਕਾ ਮੋਰਚਾ ਚੱਲੇਗਾ, ਉਨ੍ਹਾਂ ਵੱਲੋਂ ਲੰਗਰ ਅਤੇ ਚਾਹ-ਪਾਣੀ ਦੀ ਸੇਵਾ ਨਿਰੰਤਰ ਜਾਰੀ ਰਹੇਗੀ। ਸ਼ੇਰੋਂ ਪਿੰਡ ਦੇ ਨਿਵਾਸੀਆਂ ਅਤੇ ਪੀੜਤ ਕਿਸਾਨਾਂ ਨੇ ਵੱਡੀ ਗਿਣਤੀ ਵਿੱਚ ਮੋਰਚੇ ਵਿੱਚ ਸ਼ਮੂਲੀਅਤ ਦਾ ਭਰੋਸਾ ਵੀ ਦਿਵਾਇਆ।

ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਨੇ ਜ਼ਿਲ੍ਹੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ 21 ਮਈ ਨੂੰ ਸਵੇਰੇ 11 ਵਜੇ ਗੁਰਦੁਆਰਾ ਬਾਬਾ ਸਿਧਾਣਾ ਸ਼ੇਰੋਂ ਵਿਖੇ ਵੱਡੀ ਗਿਣਤੀ ਵਿੱਚ ਪਹੁੰਚਣ, ਜਿੱਥੋਂ ਕਾਫਲੇ ਦੇ ਰੂਪ ਵਿੱਚ ਸਹਿਕਾਰੀ ਖੰਡ ਮਿੱਲ ਸ਼ੇਰੋਂ ਵਿਖੇ ਪੱਕਾ ਮੋਰਚਾ ਲਗਾਇਆ ਜਾਵੇਗਾ।

ਇਸ ਮੌਕੇ ਸੁਖਬਾਸ ਸਿੰਘ ਸਿੱਧੂ, ਹਰਵਿੰਦਰ ਸਿੰਘ ਮਿੱਡਾ ਵਲੀਪੁਰ, ਸੁਖਚੈਨ ਸਿੰਘ ਸਰਹਾਲੀ, ਤਰਸੇਮ ਸਿੰਘ ਫੌਜੀ, ਦਵਿੰਦਰ ਸਿੰਘ ਸ਼ੇਰੋਂ, ਸੁਖਜੀਤ ਸਿੰਘ ਸ਼ੇਰੋਂ, ਗੁਰਪ੍ਰੀਤ ਸਿੰਘ ਸਾਬਕਾ ਮੁਲਾਜ਼ਮ ਸ਼ੂਗਰ ਮਿੱਲ ਅਤੇ ਗੁਲਜ਼ਾਰ ਸਿੰਘ ਫੌਜੀ ਸਮੇਤ ਹੋਰ ਕਈ ਆਗੂ ਅਤੇ ਪਿੰਡ ਵਾਸੀ ਹਾਜ਼ਰ ਸਨ।

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
9463661542, cee7news@gmail.com

